# <u>ਆਬਕਾਰੀ ਨੀਤੀ 2015-16</u>

2.1. **ਦੇਸੀ ਸ਼ਰਾਬ ਦਾ ਉਤਪਾਦਨ** :-ਪੰਜਾਬ ਰਾਜ ਵਿੱਚ ਇਸ ਵੇਲੇ 17 ਡਿਸਟਿਲਰੀਆਂ ਚੱਲ ਰਹੀਆਂ ਹਨ, ਜੋ ਕਿ ਦੇਸੀ ਸ਼ਰਾਬ ਦਾ ਉਤਪਾਦਨ ਕਰਦੀਆਂ ਹਨ। ਇਹ ਦੇਸੀ ਸ਼ਰਾਬ ਰੈਕਟੀਫਾਈਡ ਸਪਿਰਟ (ਆਰ.ਐਸ.) ਜਾਂ Extra Neutral Alcohol (ਈ.ਐਨ.ਏ.) ਤੋਂ ਬਣਾਈ ਜਾਂਦੀ ਹੈ। ਪੰਜਾਬ ਵਿੱਚ ਵਿਕਣ ਵਾਲੀ ਦੇਸੀ ਸ਼ਰਾਬ ਸਿਰਫ ਈ.ਐਨ.ਏ ਤੋਂ ਬਣਾਈ ਜਾਣੀ ਲਾਜ਼ਮੀ ਕੀਤੀ ਗਈ ਹੈ।

2.2. **ਦੇਸੀ ਸ਼ਰਾਬ ਦਾ ਕੋਟਾ** :- ਸਾਲ 2014-15 ਦੌਰਾਨ ਪੰਜਾਬ ਵਿੱਚ ਵਿੱਕਣ ਵਾਲੀ ਦੇਸੀ ਸ਼ਰਾਬ ਦਾ ਕੋਟਾ 9.50 ਕਰੋੜ ਪਰੂਫ ਲੀਟਰ ਨਿਰਧਾਰਤ ਕੀਤਾ ਗਿਆ ਸੀ। ਸਾਲ 2015-16 ਵਿੱਚ ਇਸਨੂੰ ਵਧਾ ਕੇ 9.80 ਕਰੋੜ ਪਰੂਫ ਲੀਟਰ ਕਰਨ ਦੀ ਤਜਵੀਜ਼ ਹੈ। ਪੰਜਾਬ ਪੱਧਰ ਤੇ ਇਸ ਨਿਰਧਾਰਤ ਕੀਤੇ ਕੋਟੇ ਨੂੰ ਆਬਕਾਰੀ ਤੇ ਕਰ ਕਮਿਸ਼ਨਰ ਮੰਡਲਾਂ ਵਿੱਚ, ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਮੰਡਲ ਦੇ ਜਿਲਿਆਂ ਵਿੱਚ ਅਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਜਿਲ੍ਹੇ ਦੇ ਆਬਕਾਰੀ ਸਰਕਲਾਂ ਵਿੱਚ ਵੰਡਣਗੇ। ਫਿਰ ਇਹ ਕੋਟਾ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਵੱਖ-ਵੱਖ ਸ਼ਰਾਬ ਦੇ ਠੇਕਿਆਂ ਦੇ ਲਸੰਸਿੰਗ ਯੂਨਿਟਾਂ/ਗਰੁਪ ਜਾਂ ਜੋਨ ਦਰਮਿਆਨ ਅਨੁਮਾਨਤ ਖਪਤ ਦੇ ਆਧਾਰ ਤੇ ਵੰਡ ਦਿੱਤਾ ਜਾਵੇਗਾ। ਕਿਸੇ ਇੱਕ ਸ਼ਹਿਰੀ ਇਲਾਕੇ ਦੇ ਸਾਰੇ ਅਤੇ ਕਿਸੇ ਇੱਕ ਪਿੰਡ ਵਿੱਚ ਇੱਕ ਤੋਂ ਵੱਧ ਲਸੰਸਿੰਗ ਯੂਨਿਟ/ਗਰੁੱਪ ਅਤੇ ਜੋਨ ਲਈ, ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਕੋਟਾ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਮੰਗ ਦੇ ਆਧਾਰ ਤੇ ਇਕੋ ਜਿਹੇ ਅਨੁਪਾਤ ਵਿੱਚ ਨਿਸ਼ਚਿਤ ਕੀਤਾ ਜਾਵੇਗਾ। ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਲਸੰਸਿੰਗ ਯੂਨਿਟ/ ਗਰੁੱਪ ਅਤੇ ਜੋਨ ਵਾਈਜ ਕੋਟਾ ਪਰੂਫ ਲੀਟਰਾਂ ਵਿੱਚ ਅਤੇ ਬੀਅਰ ਦਾ ਕੋਟਾ ਬਲਕ ਲੀਟਰਾਂ ਵਿੱਚ ਅਤੇ ਉਸ ਦੀ ਬਣਦੀ ਲਾਇਸੰਸ ਫੀਸ ਚਾਹਵਾਨ ਬਿਨੈਕਾਰਾਂ ਨੂੰ ਲਾਟਰੀ ਦੇ ਡਰਾਅ ਕੱਢਣ ਤੋਂ ਪਹਿਲਾਂ ਸੂਚਨਾਂ ਲਈ ਉੱਘੇ ਤੌਰ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

2.3. **ਦੇਸੀ ਸ਼ਰਾਬ ਦੇ ਫਿਕਸ ਅਤੇ ਓਪਨ ਕੋਟੇ ਦਾ ਅਨੁਪਾਤ**:- ਹਰ ਸਾਲ ਆਬਕਾਰੀ ਨੀਤੀ ਵਿੱਚ ਠੇਕੇਦਾਰ ਨੂੰ ਆਪਣੇ ਕੋਟੇ ਵਿੱਚੋਂ ਕੁੱਝ ਹਿੱਸਾ ਵਿਭਾਗ ਦੁਆਰਾ ਨਿਰਧਾਰਤ ਕੀਤੀ ਡਿਸਟਿਲਰੀ ਤੋਂ ਚੁੱਕਣਾ ਲਾਜ਼ਮੀ ਕੀਤਾ ਜਾਂਦਾ ਹੈ। ਇਸ ਨੂੰ ਫਿਕਸਡ ਕੋਟਾ ਕਿਹਾ ਜਾਂਦਾ ਹੈ। ਬਾਕੀ ਰਹਿੰਦੇ ਕੋਟੇ ਨੂੰ ਠੇਕੇਦਾਰ ਪੰਜਾਬ ਦੀ ਕਿਸੀ ਵੀ ਹੋਰ ਡਿਸਟਿਲਰੀ ਤੋਂ ਆਪਣੀ ਮਰਜੀ ਅਨੁਸਾਰ ਚੁੱਕ ਸਕਦਾ ਹੈ। ਇਸ ਨੂੰ ਓਪਨ ਕੋਟਾ ਕਿਹਾ ਜਾਂਦਾ ਹ।ਫਿਕਸਡ ਤੇ ਓਪਨ ਕੋਟੇ ਦੇ ਅਨੁਪਾਤ ਨੂੰ ਸਾਲ 2015-16 ਵਿੱਚ ਵੀ 30:70 ਰੱਖਿਆ ਗਿਆ ਹੈ। ਭਾਵ ਦਸੀ ਸ਼ਰਾਬ

ਦੇ ਕੁੱਲ ਕੋਟੇ ਦਾ 70% ਕੋਟਾ ਲਾਇਸੰਸੀ ਆਪਣੀ ਮਰਜੀ ਦੀ ਕਿਸੇ ਵੀ ਡਿਸਟਿਲਰੀ ਤੋ ਚੁੱਕ ਸਕਦੇ ਹਨ ਅਤੇ ਬਾਕੀ ਦਾ 30% ਫਿਕਸ ਕੋਟਾ ਆਬਕਾਰੀ ਤੇ ਕਰ ਕਮਿਸ਼ਨਰ, ਪਜਾਬ ਵਲੋ ਨਿਰਧਾਰਤ ਕੀਤੀ ਡਿਸਟਿਲਰੀ ਤੋ ਚੁੱਕਣਗੇ। ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਫਿਕਸਡ ਕੋਟਾ ਸਾਰੀਆਂ ਡਿਸਟਿਲਰੀਆਂ ਵਿੱਚ ਬਰਾਬਰ ਵੰਡਿਆ ਜਾਵੇਗਾ। ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਵੱਲੋਂ ਪ੍ਰਵਾਨਿਤ ਸੁਗਰ ਪਾਲਿਸੀ ਤਹਿਤ ਆਓਣ ਵਾਲੀਆਂ ਡਿਸਟਿਲਰੀਆਂ ਨੂੰ ਵੱਧ ਕੋਟਾ ਮਿਲੇਗਾ। ਜੇ ਸਾਲ ਦੇ ਦੌਰਾਨ ਕੋਈ ਡਿਸਟਿਲਰੀ-ਇਨ-ਪਾਇਪਲਾਈਨ 75% ਨਿਰਮਾਣ ਦਾ ਕੰਮ ਪੂਰਾ ਕਰ ਲੈਂਦੀ ਹੈ ਜਾਂ ਡੀ-2 ਲਾਇਸੰਸ ਪ੍ਰਾਪਤ ਕਰ ਲੈਂਦੀ ਹੈ ਤਾਂ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਫਿਕਸਡ ਕੋਟਾ ਸਾਰੀਆਂ ਡਿਸਟਿਲਰੀਆਂ ਵਿੱਚ ਰੀ-ਡਿਸਟਰੀਬਿਊਟ ਕਰ ਦਿੱਤਾ ਜਾਵੇਗਾ।

ਜੇ ਕਿਸੇ ਕੁਆਰਟਰ ਦੇ ਅੰਤ ਤੇ ਕਿਸੇ ਲਸੰਸੀ ਨੇ ਆਪਣੇ ਬਣਦੇ ਫਿਕਸ ਕੋਟੇ ਦੀ ਪੂਰੀ ਲਿਫਟਿੰਗ ਨਹੀਂ ਕੀਤੀ ਤਾਂ ਉਸਨੂੰ ਅਗਲੇ ਕੁਆਰਟਰ ਦੇ ਕਿਸੇ ਵੀ ਦੇਸੀ ਸ਼ਰਾਬ ਦੇ ਪਰਮਿਟ ਜਾਰੀ ਨਹੀਂ ਕੀਤੇ ਜਾਣਗੇ।

2.4. ਆਬਕਾਰੀ ਨੀਤੀ 2015-16 ਵਿਚ ਸ਼ਰਾਬ ਦ ਪਊਏ ਨੂੰ 180 ਐਮ.ਐਲ. ਦੀ ਬਜਾਏ 200 ਐਮ.ਐਲ. ਕਰ ਦਿੱਤਾ ਗਿਆ ਹੈ।

2.5. ਆਬਕਾਰੀ ਨੀਤੀ 2015-16 ਵਿਚ ਦੇਸੀ ਸ਼ਰਾਬ ਵਿੱਚ 75 ਡਿਗਰੀ ਉਪਲਬਧ ਕਰਵਾਈ ਗਈ ਹੈ।

2.6. **ਈ.ਡੀ.ਪੀ. For fixed quota:-** ਡਿਸਟਿਲਰੀਆਂ ਵੱਲੋਂ ਰਾਜ ਵਿੱਚ ਵੇਚੀ ਜਾਣ ਵਾਲੀ ਦੇਸੀ ਸ਼ਰਾਬ ਦੀ ਐਕਸ ਡਿਸਟਿਲਰੀ ਇਸ ਪ੍ਰਾਈਸ (ਈ.ਡੀ.ਪੀ.) ਸਰਕਾਰ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ। ਆਬਕਾਰੀ ਨੀਤੀ 2015-16 ਵਿਚ ਹੇਠ ਲਿਖੇ ਅਨੁਸਾਰ ਈ.ਡੀ.ਪੀ. ਨਿਰਧਾਰਤ ਕੀਤੀ ਗਈ ਹੈ।

(in Rs. Per Case)

**EDP FOR THE YEAR 2015-16 of 50 Degree (PML)**

**(100% PET / OLD / NEW GLASS BOTTLES)**

| **Type of Bottles** | **Quart** | **Pint** | **Nip** |
|---|---|---|---|
| Pet Bottles | 250.53 | 269.60 | 314.02 |
| Old Glass Bottles | 246.34 | 279.06 | 312.87 |
| New Glass Bottles | 304.19 | 356.44 | 398.98 |

**EDP FOR THE YEAR 2015-16 of 65 Degree (PML)**

**(100% PET BOTTLES)**

| Type of Liquor | Quart | Pint | Nip |
|---|---|---|---|
| Rum | 300.40 | 319.73 | 364.15 |
| Gin | 307.45 | 326.78 | 371.20 |
| Whisky | 299.33 | 318.66 | 363.08 |

**EDP FOR THE YEAR 2015-16 of 65 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|
| Rum | 296.50 | 329.20 | 363.00 |
| Gin | 303.54 | 336.25 | 370.05 |
| Whisky | 295.42 | 328.13 | 361.93 |

**EDP FOR THE YEAR 2015-16 of 65 Degree (PML)**

**(100% NEW GLASS BOTTLES)**

| Type of Liquor | Quart | Pint | Nip |
|---|---|---|---|
| Rum | 354.33 | 406.59 | 449.12 |
| Gin | 361.38 | 413.64 | 456.16 |
| Whisky | 353.26 | 405.52 | 448.04 |

**EDP FOR THE YEAR 2015-16 of 75 Degree (PML)**

**(100% PET BOTTLES)**

| Type of Liquor | Quart | Pint | Nip |
|---|---|---|---|
| Rum | 333.25 | 352.55 | 396.98 |
| Gin | 341.38 | 360.67 | 405.10 |
| Whisky | 332.02 | 351.29 | 395.74 |

**EDP FOR THE YEAR 2015-16 of 75 Degree (PML)**

**(100% OLD GLASS BOTTLES)**

| Type of Liquor | Quart | Pint | Nip |
|---|---|---|---|
| Rum | 329.35 | 362.02 | 395.83 |
| Gin | 337.48 | 370.14 | 403.95 |
| Whisky | 327.85 | 360.50 | 394.33 |

**EDP FOR THE YEAR 2015-16 of 75 Degree (PML)**

**(100% NEW GLASS BOTTLES)**

| Type of Liquor | Quart | Pint | Nip |
|---|---|---|---|
| Rum | 387.19 | 439.40 | 481.94 |
| Gin | 395.32 | 447.52 | 490.06 |
| Whisky | 385.69 | 437.89 | 480.44 |

2.7. **ਈ.ਡੀ.ਪੀ. for Open quota**:- ਆਬਕਾਰੀ ਨੀਤੀ 2015-16 ਵਿਚ ਓਪਨ ਕੋਟੇ ਵਿੱਚ ਡਿਸਟਿਲਰੀਆਂ ਨ ਫਿਕਸਡ ਕੋਟੇ ਦੀ ਈ.ਡੀ.ਪੀ. ਤੋਂ 5% ਤੱਕ ਵੱਧ ਕੀਮਤ ਨਿਰਧਾਰਤ ਕਰਨ ਦੀ ਖੁੱਲ ਦਿੱਤੀ ਗਈ ਹੈ। ਜੇ ਕਿਸੇ ਡਿਸਟਿਲਰੀ ਵੱਲੋਂ ਇਸ ਆਪਸਨ ਦਾ ਇਸਤੇਮਾਲ ਕੀਤਾ ਜਾਣਾ ਹੈ ਤਾਂ ਉਹ ਡਿਸਟਿਲਰੀ 25 ਮਾਰਚ 2015 ਤੱਕ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਨੂੰ ਆਪਣੇ ਓਪਨ ਕੋਟੇ ਦੇ ਵੇਚਣ ਵਾਲੇ ਰੇਟਾਂ ਬਾਰੇ ਸੂਚਿਤ ਕਰੇਗੀ। ਇਹ ਰੇਟ ਸਾਰਾ ਸਾਲ ਇੱਕੋ ਹੀ ਰਹਿਣਗੇ ਅਤੇ ਡਿਸਟਿਲਰੀ ਇਨ੍ਹਾਂ ਨੂੰ ਸਾਲ ਦੇ ਦੌਰਾਨ ਬਦਲ ਨਹੀਂ ਸਕੇਗੀ।

2.8. **ਅੰਗਰੇਜ਼ੀ ਸ਼ਰਾਬ ਦਾ ਕੋਟਾ** :- ਆਬਕਾਰੀ ਨੀਤੀ 2015-16 ਵਿੱਚ ਰਾਜ ਵਿੱਚ ਅੰਗਰੇਜ਼ੀ ਸ਼ਰਾਬ ਦਾ ਕੋਟਾ 450 ਲੱਖ ਪਰੂਫ ਲੀਟਰ ਨਿਰਧਾਰਤ ਕੀਤਾ ਗਿਆ ਹੈ।

2.9. **ਬੀਅਰ ਦਾ ਕੋਟਾ** :- ਰਾਜ ਵਿੱਚ ਬੀਅਰ 3 ਬਰੀਵਰੀਆਂ ਦੁਆਰਾ ਬਣਾਈ ਜਾਂਦੀ ਹੈ। ਇਸ ਤੋਂ ਇਲਾਵਾ ਕੁੱਝ ਬੀਅਰ ਬਾਹਰਲੇ ਰਾਜਾਂ ਤੋਂ ਜਾਂ ਭਾਰਤ ਤੋਂ ਬਾਹਰੋਂ ਵੀ ਇੰਪੋਰਟ ਕੀਤੀ ਜਾਂਦੀ ਹੈ।ਸਾਲ 2015-16 ਦੌਰਾਨ ਬੀਅਰ ਦਾ 312 ਲੱਖ ਬਲਕ ਲੀਟਰ (40 ਲੱਖ ਕੇਸਿਜ) ਦਾ ਕੋਟਾ ਨਿਰਧਾਰਿਤ ਕੀਤਾ ਗਿਆ ਹੈ।

2.10. **ਅਡੀਸ਼ਨਲ ਕੋਟਾ**:- ਜੇਕਰ ਕਿਸੇ ਲੰਸਸੀ ਨੇ ਆਪਣਾ ਦੇਸੀ ਸ਼ਰਾਬ, ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਸਾਰਾ ਨਿਰਧਾਰਤ ਕੋਟਾ ਚੁੱਕ ਲਿਆ ਹੋਵੇ ਅਤੇ ਸਾਲ ਦੀ ਪੂਰੀ ਲੰਸਸ ਫੀਸ ਅਦਾ ਕਰ ਦਿੱਤੀ ਹੋਵੇ ਤਾਂ ਉਸ ਲੰਸਸੀ ਨੂੰ ਦੇਸੀ ਸ਼ਰਾਬ, ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਅਡੀਸ਼ਨਲ ਕੋਟਾ ਚੁੱਕਣ ਦੀ ਇਜਾਜਤ ਹੋਵੇਗੀ। ਇਹ ਕੋਟ ਦੀ ਮਾਤਰਾ ਸਬੰਧਤ ਬੇਸਿਕ ਕੋਟੇ ਦੇ 20 ਪ੍ਰਤੀਸਤ ਤੱਕ ਸੀਮਤ ਹੋਵੇਗੀ। ਇਹ ਕੋਟਾ ਸਬੰਧਤ ਕੈਟੇਗਰੀ ਤੇ ਲਗਦੀ ਲਸੰਸ ਫੀਸ ਅਤੇ ਲੈਵੀਜ ਦੇ ਅੱਧੇ ਰੇਟ ਤੇ ਲਸੰਸੀ ਨੂੰ ਉਪਲਭੱਧ ਹੋਵੇਗਾ।

2.11. **ਐਲ-13**:- ਦੇਸੀ ਸ਼ਰਾਬ ਦੇ ਥੋਕ ਵਾਸਤੇ ਐਲ-13 ਲਾਇਸੰਸ ਦਿੱਤਾ ਜਾਂਦਾ ਹੈ। ਡਿਸਟਿਲਰੀਆਂ ਦੁਆਰਾ ਇਹ ਐਲ-13 ਵੱਖ-2 ਜਿਲ੍ਹਿਆਂ ਵਿੱਚ ਉਨ੍ਹਾਂ ਨੂੰ ਅਲਾਟ ਕੀਤੇ ਦੇਸੀ ਸ਼ਰਾਬ ਦੇ ਕੋਟੇ ਦੇ ਆਧਾਰ ਤੇ ਖੋਲਿਆ ਜਾਂਦਾ ਹ। ਇਸ ਸਾਲ ਡਿਸਟਿਲਰੀ ਵੱਲੋਂ ਐਲ-13 ਨੂੰ ਸ਼ਰਾਬ ਭੇਜਣ ਵੇਲੇ 315/-ਰੁਪਏ ਪ੍ਰਤੀ ਕੇਸ (50 ਡਿਗਰੀ) ਤੇ 409.50/- ਰੁਪਏ

ਪ੍ਰਤੀ ਕੇਸ (65 ਡਿਗਰੀ) ਅਤੇ 472.50/-ਰੁਪਏ ਪ੍ਰਤੀ ਕੇਸ (75 ਡਿਗਰੀ) ਬਤੌਰ ਸਪੈਸਲ ਲਾਇਸਸ ਫੀਸ ਅਦਾ ਕਰਨੇ ਪੈਣਗੇ। ਇਸ ਸਾਲ ਐਲ-13 ਦੇ ਖਰਚਿਆਂ ਨੂੰ ਵਧਾ ਕੇ 20/- ਰੁਪਏ ਪ੍ਰਤੀ ਕੇਸ ਕਰ ਦਿੱਤਾ ਗਿਆ ਹੈ। ਇਹ ਡਿਸਟਿਲਰੀ ਦੀ ਜਿੰਮੇਵਾਰੀ ਹੋਵੇਗੀ ਕਿ ਐਲ-13 ਤੋਂ ਪ੍ਰਚੂਨ ਦੀ ਵਿਕਰੀ ਨਾ ਹੋਵੇ। ਲਾਇਸੰਸ ਦੀ ਕਿਸੇ ਵੀ ਤਰ੍ਹਾਂ ਦੀ ਦੁਰਵਰਤੋਂ ਦੀ ਸੂਰਤ ਵਿੱਚ ਆਬਕਾਰੀ ਐਕਟ/ਨਿਯਮਾਂ ਤਹਿਤ ਡਿਸਟਿਲਰੀ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਜਿਹਾ ਹੋਣ ਦੀ ਸੂਰਤ ਵਿੱਚ ਡਿਸਟਿਲਰੀ ਦਾ ਉਸ ਸਾਲ ਦਾ ਕੋਟਾ ਵੀ suspend/cancel ਕੀਤਾ ਜਾ ਸਕੇਗਾ। ਮੰਡਲ ਦੇ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਇਹ ਨਿੱਜੀ ਤੌਰ ਤੇ ਜਿੰਮੇਵਾਰੀ ਹੋਵੇਗੀ ਕਿ ਉਹ ਕੇਵਲ ਡਿਸਟਿਲਰੀ ਨੂੰ ਹੀ ਐਲ-13 ਲਸੰਸ ਜਾਰੀ ਕਰਨ ਅਤੇ ਸਾਰਾ ਸਾਲ ਯਕੀਨੀ ਬਣਾਉਣ ਕਿ ਸਾਰਾ ਸਾਲ ਐਲ-13 ਤੋਂ ਕਿਸੇ ਤਰ੍ਹਾਂ ਦੀ ਰਿਟੇਲ ਸੇਲ ਨਾ ਹੋਵੇ।

2.12. **ਐਲ-1:-** (**ੳ**) ਅੰਗਰੇਜ਼ੀ ਸ਼ਰਾਬ ਅਤੇ ਬੀਅਰ ਦੇ ਥੋਕ ਨੂੰ ਐਲ-1 ਦਾ ਲਾਇਸੰਸ ਦਿੱਤਾ ਜਾਂਦਾ ਹੈ। ਐਲ-1 ਲਾਇਸੰਸ ਦੀ ਨਵਕ੍ਰਿਤੀ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੇ ਪੱਧਰ ਤੇ ਹੁੰਦੀ ਹੈ। ਸਾਲ 2015-16 ਦੀ ਆਬਕਾਰੀ ਨੀਤੀ ਵਿੱਚ ਐਲ-1 ਦੀ ਨਵਕ੍ਰਿਤੀ ਦੀ ਪ੍ਰਤੀ ਬੇਨਤੀ ਨੂੰ ਨਵਾਂ ਮਾਮਲਾ ਮੰਨਿਆ ਜਾਵੇਗਾ ਅਤੇ ਨਵਕ੍ਰਿਤੀ ਬਤੌਰ matter of right ਨਹੀਂ ਹੋਵੇਗੀ।

**ਅ)** ਐਲ-1 ਲਾਇਸੰਸ ਦੀ ਨਵਕ੍ਰਿਤੀ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੇ ਪੱਧਰ ਤੇ ਹੁੰਦੀ ਹੈ। ਨਵਾਂ ਲਾਇਸੰਸ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੁਆਰਾ ਆਬਕਾਰੀ ਤੇ ਕਰ ਕਮਿਸ਼ਨਰ ਦੀ ਪੂਰਵ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਵੇਗਾ।

(ੲ) ਕਿਸੇ ਵੀ ਉਸ ਵਿਅਕਤੀ ਜਾਂ ਫਰਮ ਨੂੰ ਨਵਾਂ ਐਲ-1 ਨਹੀਂ ਦਿੱਤਾ ਜਾਵੇਗਾ ਅਤ ਨਾ ਹੀ ਰੀਨਿਯੂ ਕੀਤਾ ਜਾਵੇਗਾ ਜੇ ਉਸ ਨੇ ਬਤੌਰ ਐਲ-1 ਲਾਇਸੰਸੀ ਪਿਛਲੇ ਤਿੰਨ ਸਾਲਾਂ ਵਿੱਚ (Under any name or style) ਕਿਸੇ ਵੀ ਐਕਸਾਇਜ ਕਾਨੂੰਨ/ਨਿਯਮ ਜਾਂ ਲਾਇਸੰਸ ਦੀਆਂ ਸਰਤਾਂ ਦੀ ਉਲਘੰਣਾ ਕੀਤੀ ਹੋਵੇ।

(ਸ) ਨਵੇਂ ਐਲ-1 ਲਾਇਸੰਸ ਦੀ ਫੀਸ ਅਤੇ ਪੁਰਾਣੇ ਐਲ-1 ਲਾਇਸੰਸ ਦੀ ਰੀਨਿਊਅਲ ਫੀਸ 35 ਲੱਖ ਰੁਪਏ ਕਰ ਦਿੱਤੀ ਗਈ ਹੈ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਭਾਵੇਂ ਸਾਲ ਦੇ ਕਿਸੇ ਵੀ ਮਹੀਨੇ ਵਿੱਚ ਇਹ ਲਾਇਸੰਸ ਦਿੱਤਾ ਜਾਵੇ, ਇਹ ਫੀਸ 35 ਲੱਖ ਰੁਪਏ ਹੀ ਹੋਵੇਗੀ।

(ਹ) ਐਲ-1 ਦਾ ਨਵਾਂ ਲਾਇਸੰਸ ਨਾ ਦੇਣ ਜਾਂ ਐਲ-1 ਲਾਇਸੰਸ ਦੀ ਨਵਕ੍ਰਿਤੀ ਤੋਂ ਇਨਕਾਰੀ ਦੇ ਹੁਕਮਾਂ ਵਿਰੁੱਧ ਨਿਯਮਾਂ ਅਨੁਸਾਰ ਅਪੀਲ ਸੁਣਨ ਦੇ ਵਿੱਤ ਕਮਿਸ਼ਨਰ (ਕਰ)

ਜੀ ਸਮਰਥ ਅਧਿਕਾਰੀ ਹਨ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਅਪੀਲਾਂ ਵਿੱਤੀ ਕਮਿਸ਼ਨਰ (ਕਰ) ਦੇ ਨਿੱਜੀ ਪੱਧਰ ਤੇ ਸੁਣੀਆਂ ਜਾਣਗੀਆਂ।

2.13. **ਐਲ-1 ਏ**:- ਇਹ ਲਾਇਸਸ ਅੰਗਰੇਜ਼ੀ ਸ਼ਰਾਬ ਦਾ ਥੋਕ ਲਾਇਸੰਸ ਹੈ ਅਤੇ ਇਸ ਲਾਇਸੰਸ ਅਧੀਨ ਬਾਹਰਲੇ ਰਾਜਾਂ ਵਿੱਚ ਬਣੀ ਆਈ.ਐਫ.ਐਮ.ਐਲ. ਅਤੇ ਭਾਰਤ ਤੋਂ ਬਾਹਰੋਂ ਬਣੀ ਵਿਦੇਸ਼ੀ ਸ਼ਰਾਬ (ਬੀ.ਆਈ.ਓ. ਬਰਾਂਡ) ਦੀ ਇੰਮਪੋਰਟ ਕੀਤੀ ਜਾ ਸਕਦੀ ਹੈ। ਐਲ-1 ਏ ਲਾਇਸੰਸੀ ਸਿਰਫ ਐਲ-1 ਲਾਇਸੰਸੀ ਨੂੰ ਹੀ ਸ਼ਰਾਬ ਵੇਚ ਸਕਦਾ ਹੈ। ਐਲ-1 ਏ ਦੀ ਲਾਇਸੰਸ ਫੀਸ ਹੇਠ ਲਿਖ ਅਨੁਸਾਰ ਨਿਰਧਾਰਤ ਕੀਤੀ ਗਈ ਹੈ:-

| ਐਲ-1ਏ | 2015-16 (ਲੱਖਾਂ ਵਿੱਚ) |
|---|---|
| Sale upto 50000 cases | 15.00 |
| Sale from 50001 to 75000 cases | 25.00 |
| sale from 75001 to 100000 cases | 30.00 |
| Sale above 100000 cases | 125.00 |

ਐਲ-1ਏ ਕੇਵਲ ਬੀ.ਆਈ.ਓ ਬਰਾਂਡਜ :-

| | | |
|---|---|---|
| sale upto 1000 cs | 2.00 | 4.00 |
| sale from 1001-50000 cs | 5.00 | 10.00 |

ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇ ਕੋਈ ਵਿਅਕਤੀ ਜਾਂ ਲਾਇਸੰਸੀ ਕਿਸੇ ਕਸਟਮ ਬਾਂਡ (Custom Bonded Warehouse) ਤੋਂ ਸ਼ਰਾਬ ਰਲੀਜ ਕਰਕੇ ਰਾਜ ਵਿੱਚ ਲਿਆਂਉਂਦਾ ਹੈ ਤਾਂ ਉਸ ਨੂੰ ਇਹ ਪਹਿਲਾਂ ਐਲ-1 ਏ ਤੇ ਲਿਆਉਣੀ ਲਾਜਮੀ ਹੋਵੇਗੀ। ਇਸ ਮੰਤਵ ਲਈ ਉਸ ਨੂੰ ਜਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਰਾਹੀਂ ਪਰਮਿਟ ਬਣਵਾ ਕੇ ਐਲ-1 ਏ ਰਾਹੀਂ ਲਿਆਉਣੀ ਪਵੇਗੀ। ਕਸਟਮ ਵਿਭਾਗ ਨੂੰ ਇਸ ਸਬੰਧੀ ਕਿਹਾ ਜਾਵੇਗਾ ਕਿ ਉਹ ਵਿਭਾਗ ਤੋਂ ਪ੍ਰਾਪਤ ਹੋਏ ਪਰਮਿਟ ਤੋਂ ਬਿਨਾਂ ਕੰਨਸਾਈਨਮੈਂਟ ਡੀ.ਬਾਂਡ ਨਹੀਂ ਕਰਨਗੇ। ਇਸੇ ਤਰ੍ਹਾਂ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇ ਕਿਸੇ ਵਿਅਕਤੀ ਜਾਂ ਲਾਇੰਸਸੀ ਨੇ ਰਾਜ ਤੋਂ ਬਾਹਰ ਤੋਂ ਬੀਅਰ ਜਾਂ ਵਾਇਨ ਲਿਆਉਣੀ ਹੈ ਤਾਂ ਉਹ ਪਹਿਲਾਂ ਐਲ-1 ਏ ਤੇ ਲਿਆਉਣੀ ਲਾਜਮੀ ਹੋਵੇਗੀ।

2.14. **ਰੀਟੇਲ ਵੈਂਡ ਦੀ ਗਿਣਤੀ** :- ਅੰਗਰੇਜ਼ੀ ਦੀ ਰੀਟੇਲ ਦੁਕਾਨ ਨੂੰ ਐਲ-2 ਲਾਇਸੰਸ ਅਤੇ ਦੇਸੀ ਦੀ ਰੀਟੇਲ ਦੁਕਾਨ ਨੂੰ ਐਲ-14ਏ ਲਾਇਸੰਸ ਦਿੱਤਾ ਜਾਂਦਾ ਹੈ। ਕਾਫੀ ਜਗਾ ਤੇ

ਅੰਗਰੇਜ਼ੀ ਤੇ ਦੇਸੀ ਸ਼ਰਾਬ ਦੀਆਂ ਦੁਕਾਨਾ ਇੱਕ ਹੀ ਛੱਤ ਥੱਲੇ ਹੁੰਦੀਆਂ ਹਨ ਅਤੇ ਉਹਨਾਂ ਨੂੰ ਦੋਵਾਂ ਦਾ ਲਾਇਸੰਸ ਦਿੱਤਾ ਜਾਂਦਾ ਹੈ ਅਤੇ ਇਸ ਨੂੰ ਇਕ ਲਾਇਸੰਸਿੰਗ ਯੂਨਿਟ ਮੰਨਿਆ ਜਾਂਦਾ ਹੈ। ਇਸ ਸਾਲ ਰਾਜ ਵਿੱਚ 6411 ਐਲ-14ਏ ਅਤੇ **3486** ਐਲ-2 ਲਾਇਸੰਸ ਦਿੱਤੇ ਗਏ ਹਨ ਅਤੇ ਇਸ ਤਰ੍ਹਾਂ ਕੁੱਲ 6464 ਲਾਇਸੰਸਿੰਗ ਯੂਨਿਟ ਹਨ।

2.15. **ਲੋਕਸਨ ਆਫ ਵੈਂਡ**:- ਸਾਲ 2015-16 ਵਿਚ ਸਹਿਰੀ ਖੇਤਰਾਂ ਵਿਚ ਜਿਥੇ ਜੋਨ ਨਹੀ ਬਣਾਏ ਗਏ ਹਨ, ਲਾਇਸੰਸੀ ਨੂੰ ਸਹਿਰ ਵਿਚ ਕਿਤੇ ਵੀ ਠੇਕਾ ਖੋਲਣ ਦੀ ਆਗਿਆ ਹੈ। ਜਿਸ ਖੇਤਰ ਵਿੱਚ ਜੋਨ ਬਣਾਏ ਗਏ ਹਨ ਉਥੇ ਖੁੱਲਣ ਵਾਲੇ ਠੇਕਿਆਂ ਦੀ ਗਿਣਤੀ ਪਹਿਲਾਂ ਹੀ ਨਿਰਧਾਰਤ ਕੀਤੀ ਗਈ ਹੈ। ਲਾਟਰੀ ਰਾਹੀਂ ਸਿਰਫ ਜੋਨ ਹੀ ਅਲਾਟ ਕੀਤੇ ਜਾਣਗੇ। ਅਲਾਟ ਹੋਏ ਜੋਨ ਦੇ ਠੇਕੇ ਉਸ ਜੋਨ ਦੇ ਏਰੀਏ ਵਿੱਚ ਕਿਤੇ ਵੀ ਖੁੱਲ ਸਕਦੇ ਹਨ। ਇਸੇ ਤਰ੍ਹਾਂ ਪੇਂਡੂ ਖੇਤਰ ਵਿੱਚ ਠੇਕੇ ਵਿਭਾਗ ਵਲੋਂ ਪਿੰਡ ਦੀ ਰੈਵਿਨਿਊ ਲਿਮਟ ਦੇ ਅਧਾਰ ਤੇ ਖੋਲੇ ਜਾਣਗੇ। ਪੇਂਡੂ ਠੇਕਿਆਂ ਲਈ ਬਿਨੈ ਪੱਤਰ ਕਿਸੇ ਵਿਸ਼ਸ ਖੇਤਰ ਲਈ ਹੁੰਦੇ ਹਨ। ਰਾਜ ਵਿਚ ਕੋਈ ਵੀ ਅਣ-ਅਧਿਕਾਰਤ ਬਰਾਂਚਾ ਜਾਂ ਕੋਈ ਗੈਰ ਕਾਨੂੰਨੀ ਠੇਕੇ ਖੋਲਣ ਦੀ ਇਜਾਜਤ ਨਹੀ ਹੈ। ਜੇਕਰ ਕੋਈ ਲਾਇਸੰਸੀ ਗੈਰ-ਕਾਨੂੰਨੀ ਠੇਕਾ ਖੋਲਦਾ ਹੈ ਤਾਂ ਮਹਿਕਮੇ ਵੱਲੋਂ ਸਖਤ ਕਦਮ ਲੈਂਦਿਆਂ ਹੋਇਆ ਉਸ ਦਾ ਗੈਰ ਕਾਨੂੰਨੀ ਠੇਕਾ ਬੰਦ ਕਰਨ ਉਪਰੰਤ ਲਾਇਸੰਸੀ ਦਾ ਮੰਜੂਰਸ਼ਦਾ ਠੇਕਾ ਵੀ ਘੱਟੋ-ਘੱਟ ਇੱਕ ਮਹੀਨੇ ਲਈ ਬੰਦ ਕਰ ਦਿੱਤਾ ਜਾਵੇਗਾ। ਇਸ ਨੂੰ ਲਾਗੂ ਕਰਨ ਲਈ ਉਸ ਆਬਕਾਰੀ ਸਰਕਲ ਦਾ ਆਬਕਾਰੀ ਨਿਰੀਖਕ ਪੂਰਨ ਤੌਰ ਤੇ ਜਿੰਮੇਵਾਰ ਹੋਵੇਗਾ। ਸਹਿਰੀ ਜਾਂ ਪੇਂਡੂ ਖੇਤਰ ਵਿੱਚ ਠੇਕਾ ਖੋਲਣ ਲਈ ਇਹ ਸਰਤ ਹੈ ਕਿ ਉਹ ਧਾਰਮਿਕ ਜਾਂ ਵਿੱਦਿਅਕ ਸੰਸਥਾਨ ਤੋਂ ਆਬਕਾਰੀ ਨਿਯਮਾਂ ਵਿੱਚ ਦਰਸਾਈ ਦੂਰੀ ਤੇ ਹੋਵੇ ਜਾਂ ਕਿਸੇ ਅਜਿਹੇ ਸਥਾਨ ਤੇ ਨਾਂ ਹੋਵੇ ਜਿਥੇ ਕਿਸੇ ਹੋਰ ਕਾਰਨ ਕਰਕੇ ਸਮਰੱਥ ਅਧਿਕਾਰੀ ਵੱਲੋਂ ਮਨਾਹੀ ਕੀਤੀ ਗਈ ਹੋਵੇ। ਇਹ ਦੂਰੀ ਧਾਰਮਿਕ ਸਥਾਨ ਜਾਂ ਵਿਦਿਅਕ ਸੰਸਥਾ ਦੇ ਮੇਨ ਗੇਟ ਤੋ ਮੰਨੀ ਜਾਂਦੀ ਹ।

ਸਾਲ 2015-16 ਦੌਰਾਨ ਸਫਲ ਅਲਾਟੀ ਨੂੰ ਪਹਿਲਾਂ ਵਾਲੇ ਸਥਾਨ ਤੇ ਚੱਲ ਰਹੇ ਠੇਕੇ ਦੀ ਜਗ੍ਹਾ ਲਈ ਨਕਸ ਦੀ ਮਨਜੂਰੀ ਦੇਣ ਤੋਂ ਇਨਕਾਰ ਨਹੀ ਕੀਤਾ ਗਿਆ ਹੈ। ਕਿਸੇ ਨਵੇਂ ਸਥਾਨ ਲਈ ਠੇਕੇ ਚਲਾਉਣ ਲਈ ਲਾਇਸੰਸਧਾਰਕ ਨੂੰ ਵਿਭਾਗ ਦੀ ਮਨਜੂਰੀ ਲੈਣੀ ਪੈਂਵੇਗੀ। ਇੱਕ ਲਾਇਸੰਸਿੰਗ ਯੂਨਿਟ ਦੇ ਐਲ-2 ਅਤੇ ਐਲ-14ਏ ਠੇਕੇ ਨੂੰ ਕੇਵਲ ਇਕ ਛੱਤ ਹੇਠ ਹੀ ਚਲਾਉਣ ਦੀ ਆਗਿਆ ਹੈ। ਇਕੱਲਾ ਐਲ-14ਏ ਜਾਂ ਸਿਰਫ ਮਾਡਲ ਸਾਪ ਹੀ ਇੱਕਲੀ ਇਕਾਈ ਦੇ ਰੂਪ ਵਿੱਚ ਖੁੱਲ ਸਕਦੀ ਹੈ। ਪਰ ਜਿਹੜੇ ਠੇਕੇ ਕਿਸੇ ਵੀ ਅਦਾਲਤੀ ਹੁਕਮ ਅਧੀਨ ਬੰਦ ਕਰਨੇ ਪੈਣਗੇ, ਉਨ੍ਹਾਂ ਤੇ ਇਹ ਉਪਬੰਧ ਲਾਗੂ ਨਹੀਂ ਹੋਵੇਗਾ। ਇਥੇ ਇਹ ਵੀ ਵਰਨਣਯੋਗ

ਹੈ ਕਿ C.W.P. No. 4681 of 2014 ਮਾਰਕੀਟ ਵੈਲਫੇਅਰ ਸੁਸਾਇਟੀ ਮੋਹਾਲੀ ਬਨਾਮ ਸਟੇਟ ਆਫ ਪੰਜਾਬ ਵਿੱਚ ਵਿਭਾਗ ਵੱਲੋ ਮਾਨਯੋਗ ਹਾਈਕੋਰਟ ਵਿੱਚ ਹੇਠ ਲਿਖੇ ਅਨੁਸਾਰ ਐਫੀਡੇਵਿਟ ਦਿੱਤਾ ਗਿਆ ਹੈਃ–

1. That the liquor vends (L2, L14A and L52 licenses) in open spaces would be in good quality prefabricated structures which would be properly machined, painted and the licensee would ensure its cleanliness
2. That the liquor vends (L2, L14A and L52) situated in enclosures and prefabricated structures would be at a reasonable distance from the metallic portion of the roads. These vends would be situated at such a place that would not cause any traffic hazard to the general public
3. That all the conditions prescribed under the Excise Law and Rules governing the administration of liquor vends will be strictly complied with e.g. vends should be situated at a distance of 50 meters away from a religious place/educational institutions in urban areas and 100 meters away in rural areas, The licensee shall display anti-drinking slogans prominently “Use of alcohol is injurious to health” in English, Hindi, Gurmukhi and Urdu. The licensee would display the provision of law that “No liquor will be sold to a person below the age of 25 years”.
4. That the Certificate of exemption (L52 license) shall not be granted in respect of premises which are suspected of being visited by minors, students, bad characters and criminals. A certificate shall not be utilized in respect of any premises other than those in respect of which it has been granted.
5. That the licensee shall keep the licensed premises and the adjoining areas thoroughly neat & clean.
6. That in the case of L52 attached with L2, L14A, the licensee will keep the Ahata well ventilated, adequately and nicely furnished, thoroughly clean and dry. The entrance shall be

fitted with a proper door so that the passers-by do not have any view of the interior. The licensee would ensure proper furniture laid down in a proper manner and keep the surrounding areas clean too.

That the licensee shall not permit any singing, dancing, loud music, theatrical performance or entertainment in the premises so as to cause any disorderly conduct in the premises and disturbance to neighbors of the Ahata or drinking place.

ਲਸੰਸੀ ਇਸ ਐਫੀਡੇਵਿਟ ਵਿੱਚ ਦਿੱਤੀਆਂ ਕਮਿੱਟਮੈਂਟ ਨੂੰ ਪੂਰਾ ਕਰਨ ਲਈ ਪਾਬੰਦ ਹੋਵੇਗਾ।

**ਲੋਕਸਨ ਆਫ ਵੈਂਡਜ ਆਨ ਨਸਨਲ ਹਾਈਵੇਜ/ਸਟੇਟ ਹਾਈਵੇਜ:-**

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਦਾਇਰ ਹੋਈ ਸਿਵਲ ਰਿੱਟ ਪਟਿਸਨ ਨੰ:25777 ਆਫ 2012 ਵਿੱਚ ਜਾਰੀ ਹੋਏ ਮਾਨਯੋਗ ਹਾਈ ਕੋਰਟ ਦੇ ਹੁਕਮ ਮਿਤੀ 18-3-2014 ਅਨੁਸਾਰ ਕੋਈ ਵੀ ਸ਼ਰਾਬ ਦਾ ਠੇਕਾ ਨੈਸਨਲ/ਸਟੇਟ ਹਾਈਵੇ ਤੋਂ ਵਿਜੀਬਲ ਨਾ ਹੋਵੇ ਅਤੇ ਨਾਂ ਹੀ ਉਸਦੀ ਨੈਸਨਲ ਹਾਈਵੇ ਤੇ ਡਾਇਰੈਕਟ ਐਕਸੈੱਸ ਹੋਵੇ। ਇਸ ਸਬੰਧ ਵਿੱਚ ਵਿਭਾਗ ਵੱਲੋਂ ਮਾਣਯੋਗ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕੀਤੀ ਹੋਈ ਹੈ।

ਇਸ ਕੇਸ ਵਿੱਚ ਮਾਣਯੋਗ ਅਦਾਲਤਾਂ ਵੱਲੋਂ ਜੋ ਵੀ ਫੈਸਲਾ ਹੁੰਦਾ ਹੈ ਲਾਇਸੰਸੀ ਉਸ ਦੀ ਇਨ-ਬਿਨ ਪਾਲਣਾ ਕਰਨ ਲਈ ਪਾਬੰਦ ਹੋਵੇਗਾ।

2.16. **ਲਾਇਸੰਸਿੰਗ ਯੂਨਿਟ**:- ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਠੇਕਿਆਂ ਦਾ ਨਿਪਟਾਰਾ ਲਾਇਸੰਸਿੰਗ ਯੂਨਿਟ ਬਣਾ ਕੇ ਕੀਤਾ ਜਾਵੇਗਾ। ਸਹਿਰੀ ਖੇਤਰ ਵਿੱਚ ਇੱਕ ਲਾਇਸੰਸਿੰਗ ਯੂਨਿਟ ਵਿੱਚ ਇੱਕ ਐਲ-14ਏ ਠੇਕਾ ਅਤੇ ਇਕ ਐਲ-2 ਠੇਕਾ ਹੋਵੇਗਾ। ਪੇਂਡੂ ਖੇਤਰਾਂ ਵਿੱਚ ਇਹ ਯੂਨਿਟ ਜਾਂ ਇੱਕਲਾ ਹੀ ਐਲ-14 ਏ ਦਾ ਠੇਕਾ ਜਾਂ ਇੱਕ ਐਲ-14ਏ ਅਤੇ ਇੱਕ ਐਲ-2 ਦਾ ਠੇਕਾ ਹੋ ਸਕਦਾ ਹੈ। ਲਾਇਸੰਸਿੰਗ ਯੂਨਿਟਾਂ ਦੇ ਗਰੁੱਪਾਂ ਨੂੰ ਕੁਲੈਕਟਰ ਦੁਆਰਾ ਬਣਾਇਆ ਜਾਵੇਗਾ ਜਿਸ ਦੀ ਪੂਰਵ ਪ੍ਰਵਾਨਗੀ ਆਬਕਾਰੀ ਤੇ ਕਰ ਕਮਿਸ਼ਨਰ ਜੀ ਵੱਲੋਂ ਲਈ ਜਾਵੇਗੀ।

2.17. **ਲਾਇਸੰਸਿੰਗ ਯੂਨਿਟ ਦੀ ਕੀਮਤ**:- ਸਾਲ 2015-16 ਵਿਚ ਇੱਕ ਲਾਇਸੰਸਿੰਗ ਯੂਨਿਟ ਦੀ ਲਾਇਸੰਸ ਫੀਸ ਦੀ ਕੀਮਤ 200 ਲੱਖ ਰੁਪਏ ਰੱਖੀ ਗਈ ਹੈ।

2.18. **ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਅਤੇ ਜੋਨ ਬਣਾਉਣ ਦੀ ਸੁਵਿਧਾ** :-ਹਰ ਸਾਲ ਲਾਾਇੰਸਿੰਗ ਯੂਨਿਟਾਂ ਨੂੰ ਗਰੁਪਾ/ਜੋਨਾਂ ਵਿੱਚ ਬਣਾ ਕੇ ਉਹਨਾਂ ਦੀ ਅਲਾਟਮੈਂਟ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ। ਆਬਕਾਰੀ ਨੀਤੀ 2015-16 ਵਿਚ ਗਰੁਪ/ਜੋਨ ਬਣਾਉਣ ਲਈ ਹੇਠ ਲਿਖੇ ਅਨੁਸਾਰ ਮਾਪਦੰਡ ਬਣਾਏ ਗਏ ਹਨ :-

| ਲੜੀ ਨੰ: | ਏਰੀਆ | ਸਾਲ 2015-16 ਲਈ ਇੱਕ ਜੋਨ ਵਿੱਚ ਲਾਇਸੰਸਿੰਗ ਯੂਨਿਟਾਂ ਦੀ ਲਾਇਸੰਸ ਫੀਸ ਦੀ ਵੱਧ ਤੋਂ ਵੱਧ ਹੱਦ |
|---|---|---|
| 1. | ਸਾਰੇ ਮਿਉਸਪਲ ਕਾਰਪੋਰੇਸ਼ਨ ਖੇਤਰ (ਕਾਰਪੋਰੇਸਨ ਖੇਤਰ ਅਤੇ ਹੋਰ ਮਿਉਂਸਿਪਲ ਕਮੇਟੀ ਏਰੀਆ, ਨੋਟੀਫਾਇਡ ਏਰੀਆ ਕਮੇਟੀ ਅਤੇ ਪੇਂਡੂ ਖੇਤਰ ਠੇਕੇ ਜੋ ਕਾਰਪੋਰੇਸਨ ਨਾਲ ਜੋੜੇ ਗਏ ਹਨ) | 30 ਕਰੋੜ ਰੁਪਏ ਤੱਕ। |
| 2. | ਸਹਿਰੀ ਖੇਤਰ (ਮਿਊਸੀਪਲ ਕਮੇਟੀਆਂ, ਨਗਰ ਪੰਚਾਇਤਾਂ ਅਤੇ ਨੋਟੀਫਾਈਡ ਏਰੀਆ ਕਮੇਟੀ ਜਾਂ ਉਹਨਾਂ ਦਾ ਕੰਬੀਨੇਸ਼ਨ ਅਤੇ ਪੇਂਡੂ ਖੇਤਰ ਦੇ ਠੇਕੇ ਜੋ ਕਿ ਇਸ ਖੇਤਰ ਨਾਲ ਜੋੜੇ ਗਏ ਹਨ)। | 20 ਕਰੋੜ ਰੁਪਏ ਤੱਕ। |
| 3. | ਪੇਂਡੂ ਖੇਤਰ | 10 ਕਰੋੜ ਰੁਪਏ ਤੱਕ। |

ਉਪਰੋਕਤ ਲਾਇਸੰਸਿੰਗ ਯੂਨਿਟਾਂ ਦੇ ਗਰੁੱਪ ਜਾਂ ਜੋਨ ਨੂੰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰਾਂ ਦੀ ਸਲਾਹ ਨਾਲ ਉਪ ਆਬਕਾਰੀ ਤੇ ਕਰ ਕਮਿਸ਼ਨਰ ਵਲੋਂ ਬਣਾਏ ਜਾਣਗੇ ਅਤੇ ਇਹ ਆਬਕਾਰੀ ਤੇ ਕਰ ਕਮਿਸ਼ਨਰ ਦੀ ਪ੍ਰਵਾਨਗੀ ਨਾਲ ਬਣਾਏ ਜਾਣਗੇ। ਲਾਇਸੰਸਿੰਗ ਯੂਨਿਟਾਂ ਦੇ ਇਕ ਗਰੁੱਪ ਜਾਂ ਜੋਨ ਦੀ ਲਾਇਸੰਸ ਫੀਸ ਉਸੀ ਗਰੁੱਪ/ਜੋਨ ਵਿੱਚ ਸਾਮਲ ਲਾਇਸੰਸਿੰਗ ਯੂਨਿਟਾਂ ਦੀ ਫੀਸ ਦੇ ਜੋੜ ਦੇ ਬਰਾਬਰ ਹੋਵੇਗੀ।

ਸਾਲ 2015-16 ਦੀ ਆਬਕਾਰੀ ਨੀਤੀ ਵਿਚ ਮਸਕਲ/ਔਖੇ ਸਟਸਨਾਂ ਦੇ ਲਾਇਸਸਿੰਗ ਯੂਨਿਟਾਂ/ਗਰੁੱਪਾਂ/ਜੋਨਾਂ ਦਾ ਨਿਪਟਾਰਾ ਕਰਨ ਲਈ ਗਰੁੱਪਾਂ/ਜੋਨਾਂ ਦਾ ਉਪਰੋਕਤ ਦਰਸਾਏ ਸਾਇਜ ਤੋਂ ਇਲਾਵਾ ਵੱਡਾ ਸਾਈਜ਼ ਬਣਾਉਣ ਦੀ ਆਗਿਆ ਦਿੱਤੀ ਜਾਵੇਗੀ। ਇਨ੍ਹਾਂ ਕੇਸਾਂ ਵਿਚ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਵਿੱਤ ਕਮਿਸ਼ਨਰ (ਕਰ) ਦੀ ਪੂਰਵ ਪ੍ਰਵਾਨਗੀ ਲੈਣ ਉਪਰੰਤ ਹੀ ਅਜਿਹਾ ਕਰਨ ਦੀ ਆਗਿਆ ਹੋਵੇਗੀ।

ਕਾਰਪੋਰੇਸ਼ਨ ਅਤੇ ਕਿਸੇ ਹੋਰ ਇੱਕ ਸ਼ਹਿਰੀ ਖੇਤਰ ਜਾਂ ਨਗਰ ਪੰਚਾਇਤਾਂ ਵਿੱਚ ਪੈਂਦੇ ਇੱਕ ਤੋਂ ਵੱਧ ਗਰੁੱਪਾਂ/ਜੋਨਾਂ ਦੀ ਲਾਇਸੰਸ ਫੀਸ ਜਿਥੋ ਤੱਕ ਸੰਭਵ ਹੋ ਸਕੇ ਇੱਕ ਦੂਜੇ ਦੇ ਬਰਾਬਰ ਰੱਖੀ ਜਾਵੇਗੀ ਪ੍ਰੰਤੂ ਮੌਕੇ ਅਨੁਸਾਰ ਇਸ ਵਿੱਚ 10% ਦੀ ਵੈਰੀਏਸ਼ਨ ਹੋ ਸਕਦੀ ਹੈ।

ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਪ੍ਰਾਰਥੀਆਂ ਨੂੰ ਅਰਜੀਆਂ ਦੇ ਆਧਾਰ ਤੇ, ਅਤੇ ਜੇਕਰ ਇੱਕ ਲਾਇਸੰਸਿੰਗ ਯੂਨਿਟ/ਗਰੁਪ ਜਾਂ ਜੋਨ ਲਈ ਇੱਕ ਤੋਂ ਵੱਧ ਅਰਜੀਆਂ ਹੋਣ ਤਾਂ ਉਸ ਸੂਰਤ ਵਿੱਚ ਡਰਾਅ ਆਫ ਲਾਟਸ ਦੇ ਆਧਾਰ ਤੇ ਅਲਾਟ ਕੀਤੇ ਜਾਣਗੇ। ਇਸ ਮੰਤਵ ਲਈ ਜੋਨ ਦੀ ਅਲਾਟਮੈਂਟ ਲਈ ਦੋ ਡਰਾਅ ਕੱਢੇ ਜਾਣਗੇ। ਇਕ ਸਫਲ ਅਲਾਟੀ ਲਈ ਅਤੇ ਦੂਜਾ ਜੋਨ ਦੀ ਅਲਾਟਮੈਟ ਲਈ। ਸਫਲ ਪ੍ਰਾਰਥੀ ਦਾ ਜੋਨ ਅਲਾਟ ਕਰਨ ਦਾ ਡਰਾਅ ਨਾਲ ਹੀ ਕੱਢਿਆ ਜਾਵੇਗਾ। ਅਗਲਾ ਡਰਾਅ ਸਫਲ ਅਲਾਟੀ ਵਲੋ ਅਲਾਟਮੈਂਟ ਫੀਸ ਜਮ੍ਹਾਂ ਕਰਵਾਏ ਜਾਣ ਉਪਰੰਤ ਹੀ ਕੱਢਿਆ ਜਾਵੇਗਾ।

2.19. **ਗਰੁਪ/ਜੋਨ ਦੀ ਮੁੜ ਬਣਤਰ ਅਤੇ ਅਲਾਟਮੰਟ**:- ਸਾਲ 2015-16 ਵਿਚ ਜੇਕਰ ਕਿਸੇ ਇੱਕ ਖੇਤਰ ਦੇ ਸਾਰੇ ਯੂਨਿਟਾਂ ਲਈ ਅਰਜੀਆਂ ਪ੍ਰਾਪਤ ਨਹੀ ਹੋਈਆਂ ਜਾਂ ਕਿਸੇ ਖਾਸ ਖੇਤਰ ਦੇ ਲਾਇਸੰਸਿੰਗ ਯੂਨਿਟ ਜਾਂ ਗਰੁੱਪ ਆਫ ਲਾਇਸੰਸਿੰਗ ਯੂਨਿਟਾਂ ਦੀ ਅਲਾਟਮੈਂਟ ਸਰਕਾਰੀ ਮਾਲੀਏ ਦੇ ਹਿੱਤਾਂ ਵਿੱਚ ਨਹੀ ਲੱਗ ਰਹੀ ਤਾਂ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਉਸ ਖੇਤਰ ਦੀ ਅਲਾਟਮੈਟ ਪ੍ਰੀਕ੍ਰਿਆ ਰੱਦ ਕਰ ਸਕਦੇ ਹਨ। ਉਨ੍ਹਾਂ ਯੂਨਿਟਾਂ ਲਈ ਆਬਕਾਰੀ ਤੇ ਕਰ ਕਮਿਸ਼ਨਰ, ਪੰਜਾਬ ਨਵੀਆਂ ਅਰਜੀਆਂ ਲੈ ਕੇ ਨਵੇ ਗਰੁੱਪ ਬਣਾਕੇ ਜਾਂ ਗੁਰੱਪ ਨਾ ਬਣਾ ਕੇ ਸਰਕਾਰੀ ਮਾਲੀਏ ਦੇ ਹਿੱਤਾਂ ਵਿੱਚ ਦੁਬਾਰਾ ਅਲਾਟਮੈਟ ਕਰ ਸਕਦੇ ਹਨ। ਉਸ ਥਾਂ/ਖੇਤਰ/ਐਮ.ਸੀ./ ਸ਼ਹਿਰਾਂ ਦੇ ਸਾਰੇ ਯੂਨਿਟਾਂ ਦਾ ਇੱਕ ਗਰੁੱਪ ਜਾਂ ਜੋਨ ਬਣਾਕੇ ਵੀ ਨਿਪਟਾਰਾ ਕੀਤਾ ਜਾ ਸਕਦਾ ਹੈ।

ਨਿਰਧਾਰਤ ਕੀਤੀ ਅਲਾਟਮੈਂਟ ਫੀਸ ਜਮਾਂ ਕਰਵਾਂਉਣ ਤੋ ਬਾਅਦ ਜੇਕਰ ਕੋਈ ਸਫਲ ਬਿਨਕਾਰ/ਅਲਾਟੀ ਨਿਰਧਾਰਤ ਸਕਿਉਰਟੀ ਦਾ ਬਕਾਇਆ ਰਕਮ ਜਮਾਂ ਨਹੀ ਕਰਵਾਂਉਦਾ ਅਤੇ ਜੇਕਰ ਵੇਟਿੰਗ ਲਿਸਟ ਵਿੱਚ ਵੀ ਕੋਈ ਹੋਰ ਵਿਅਕਤੀ ਨਹੀ ਹੈ ਅਤੇ ਉਸ ਖੇਤਰ ਵਿੱਚ ਸਫਲ ਅਲਾਟੀਆਂ ਦੀ ਗਿਣਤੀ ਯੂਨਿਟਾਂ/ਜੋਨਾਂ ਤੋ ਘੱਟ ਹੈ ਤਾਂ ਉਪਰੋਕਤ ਦਰਸਾਈ ਪ੍ਰਕ੍ਰਿਆ ਹੀ ਅਪਣਾਈ ਜਾਵੇਗੀ।

ਜੇਕਰ ਪਹਿਲਾ ਜਾਂ ਅਗਲੀ ਅਲਾਟਮੈਟ ਪ੍ਰਕ੍ਰਿਆ ਰੱਦ ਕੀਤੀ ਜਾਂਦੀ ਹੈ ਤਾਂ ਪ੍ਰਾਰਥੀ ਵਲੋ ਦਿੱਤੀ ਗਈ ਅਰਜੀ ਦੀ ਫੀਸ ਉਸਨੂੰ ਵਾਪਸ ਮੋੜ ਦਿੱਤੀ ਜਾਵੇਗੀ।

ਜੇਕਰ ਕੋਈ ਲਾਇਸੰਸ ਯੂਨਿਟ/ਗਰੁੱਪ/ਜੋਨ ਪਹਿਲੀ ਵਾਰੀ ਅਲਾਟਮੈਂਟ ਦੀ ਪ੍ਰੀਕ੍ਰਿਆ ਦੌਰਾਨ ਅਲਾਟ ਨਾਂ ਕੀਤੇ ਜਾ ਸਕਣ ਤਾਂ ਉਹ ਚਾਲੂ ਸਾਲ ਦੌਰਾਨ ਬਾਕੀ ਰਹਿੰਦੇ ਸਮੇਂ ਲਈ

ਪੀ.ਐਮ.ਐਲ/ਆਈ.ਐਮ.ਐਫ.ਐਲ ਅਤੇ ਬੀਅਰ ਦੇ ਅਨੁਪਾਤਕ ਕੋਟੇ ਅਤੇ ਸਾਲ ਦੀ ਬਾਕੀ ਰਹਿੰਦੀ ਅਨੁਪਾਤਕ ਲਾਇਸੰਸ ਫੀਸ ਦੇ ਆਧਾਰ ਤੇ ਕਿਸੇ ਨਵੇਂ ਬਿਨੈਕਾਰ ਨੂੰ ਨਿਯਮਾਂ ਅਨੁਸਾਰ ਅਲਾਟ ਕੀਤਾ ਜਾ ਸਕਦਾ ਹੈ। ਸਾਲ 2015-16 ਲਈ ਬਣਾਏ ਗਏ ਲਸੰਸਿੰਗ ਯੂਨਿਟ/ਗਰੁਪ/ਜੋਨਾਂ ਦੀ ਅਲਾਟਮੈਂਟ ਲਈ ਉਪਰੋਕਤ ਪ੍ਰਕਰਿਆ ਤੋਂ ਇਲਾਵਾ ਕਿਸੇ ਖਾਸ ਹਾਲਾਤਾਂ ਵਿੱਚ ਇਨ੍ਹਾਂ ਲਸੰਸਿੰਗ ਯੂਨਿਟ/ਗਰੁਪ/ਜੋਨਾ ਨੂੰ ਟੈਂਡਰ ਪ੍ਰਣਾਲੀ ਰਾਹੀਂ ਅਲਾਟ ਕਰਨ ਲਈ ਪ੍ਰਵਾਨਗੀ ਅਤੇ ਰਿਜਰਵ ਪਰਾਇਸ ਨਿਰਧਾਰਿਤ ਕਰਨ ਦੇ ਅਧਿਕਾਰ ਮਾਨਯੋਗ ਉੱਪ ਮੁੱਖ ਮੰਤਰੀ ਜੀ ਨੂੰ ਦਿੱਤੇ ਗਏ ਹਨ।

2.20. **ਅਲਾਟਮੈਂਟ ਲਈ ਅਰਜੀਆਂ**:- ਸਾਲ 2015-16 ਵਿੱਚ ਇਕ ਵਿਅਕਤੀ ਖੇਤਰ ਦੇ ਅਧਾਰ ਤੇ ਇਕ ਲਾਇਸੰਸਿੰਗ ਯੁਨਿਟ/ਗਰੁੱਪ/**ਜੋਨ** ਜਿੰਨੀਆਂ ਮਰਜੀ ਅਰਜੀਆਂ ਪਾ ਸਕਦਾ ਹੈ।

2.21. **ਅਰਜੀਆਂ ਲਈ ਫੀਸ**:- ਸਾਲ 2015-16 ਲਈ ਲਾਇਸੰਸਿੰਗ ਯੂਨਿਟ/ਗਰੁਪ/ਜੋਨ ਦੀ ਅਲਾਟਮੈਂਟ ਲਈ ਬਿਨੈ ਪੱਤਰਾ ਦੀ ਕੀਮਤ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਇੱਕ ਲਾਇਸੰਸਿੰਗ ਯੂਨਿਟ ਜਾਂ ਯੂਨਿਟਾ ਦੇ ਗਰੂਪ ਜਿਸ ਦੀ ਲਾਇਸੰਸ ਫੀਸ | 2015-16 |
|---|---|---|
| (1) | (2) | (3) |
| 1. | 2 ਕਰੋੜ ਰੁਪਏ ਤੱਕ ਹੈ। | 15,000/- |
| 2. | 4 ਕਰੋੜ ਰੁਪਏ ਤੱਕ ਹੈ। | 25,000/- |
| 3. | 6 ਕਰੋੜ ਰੁਪਏ ਤੱਕ ਹੈ। | 35,000/- |
| 4. | 8 ਕਰੋੜ ਰੁਪਏ ਤੱਕ ਹੈ। | 45,000/- |
| 5. | 10 ਕਰੋੜ ਰੁਪਏ ਤੱਕ ਹੈ। | 55,000/- |
| 6. | 15 ਕਰੋੜ ਰੁਪਏ ਤੱਕ ਹੈ। | 70,000/- |
| 7. | 15 ਕਰੋੜ ਰੁਪਏ ਤੋਂ ਉਪਰ | 75,000/- |

ਇਹ ਫੀਸ ਰਿਫੰਡ ਨਹੀ ਹੋਵੇਗੀ ਪਰ ਹੇਠ ਲਿਖੇ ਕੇਸਾਂ ਵਿੱਚ ਇਹ ਫੀਸ ਮੋੜਨਯੋਗ ਹੋਵੇਗੀ:-

(1) ਜੇਕਰ ਵਿਭਾਗ ਵਲੋ ਪਹਿਲਾ ਜਾਂ ਅਗਲਾ ਅਲਾਟਮੈਂਟ ਪ੍ਰੋਸੀਜਰ ਰੱਦ ਕੀਤਾ ਜਾਂਦਾ ਹੈ।

(2) ਜੇਕਰ ਵਿਭਾਗ ਵਲੋ ਅਰਜੀ ਦਾ ਫਾਰਮ ਯੋਗ ਨਾਂ ਹੋਣ ਕਰਕੇ ਰੱਦ ਕੀਤਾ ਜਾਂਦਾ ਹੈ ਅਤੇ ਉਸਨੂੰ ਡਰਾਅ ਲਈ ਵਿਚਾਰਿਆ ਨਹੀ ਜਾਂਦਾ। ਅਜਿਹੀ ਸੂਰਤ ਵਿੱਚ 2000 ਰੁਪਏ ਦੀ ਰਕਮ (ਪ੍ਰਤੀ ਅਰਜੀ) ਬਤੋਰ ਪ੍ਰੋਸੈਸਿੰਗ ਫੀਸ ਦੇ ਤੋਰ ਤੇ ਕੱਟੀ ਜਾਵੇਗੀ।

ਸਾਲ 2015-16 ਲਈ ਪ੍ਰਾਪਤ ਹੋਈ ਐਪਲੀਕੇਸਨ ਰਾਸੀ ਦਾ 50 ਪ੍ਰਤੀਸਤ ਇਸ ਐਕਟ ਅਧੀਨ ਬਣਾਏ ਖਾਤੇ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇ।

2.22. **ਅਰਜੀਆਂ ਲੈਣ ਦਾ ਤਰੀਕਾ**: -ਸਾਲ 2015-16 ਵਿਚ ਸਿਸਟਮ ਵਿੱਚ ਹੋਰ ਪਾਰਦਰਸ਼ਤਾ ਲਿਆਉਣ ਲਈ ਅਰਜੀਆਂ ਜਿਲ੍ਹਾ ਦਫਤਰ ਅਤੇ ਬੈਂਕਾਂ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ। ਇਸ ਮੰਤਵ ਲਈ ਆਬਕਾਰੀ ਤੇ ਕਰ ਕਮਿਸ਼ਨਰ ਵੱਲੋਂ ਵੱਖ-2 ਸਡਿਉਲਡ ਬੰਕ ਬਰਾਚਾਂ ਨੂੰ ਅਧਿਕਾਰਤ ਕੀਤਾ ਜਾਵੇਗਾ। ਕਿਸੇ ਵੀ ਅਧਿਕਾਰਤ ਬੈਂਕ ਬਰਾਂਚ ਤੇ ਪੰਜਾਬ ਦੇ ਕਿਸੇ ਵੀ ਜਿਲੇ ਦੇ ਕਿਸੇ ਵੀ ਗਰੁੱਪ ਲਈ ਅਰਜੀ ਪ੍ਰਾਪਤ ਕੀਤੀ ਜਾ ਸਕੇਗੀ। ਬੈਂਕ ਸਾਲ 2015-16 ਵਿੱਚ 75/-ਰੁਪਏ ਪ੍ਰਤੀ ਅਰਜੀ ਪ੍ਰੋਸੈਸਿੰਗ ਫੀਸ ਚਾਰਜ ਕਰ ਸਕਦੇ ਹਨ।

2.23. **ਅਲਾਟਮੈਂਟ ਆਫ ਲਾਇਸੰਸਿੰਗ ਯੂਨਿਟ/ਗਰੁਪ/ਜੋਨ**:-

ਪੀ.ਐਮ.ਐਲ. (ਐਲ-14ਏ) ਅਤੇ ਆਈ.ਐਮ.ਐਫ.ਐਲ. (ਐਲ-2) ਰਿਟੇਲ ਦੇ ਲਾਇਸੰਸ ਮੁਨਾਸਬ ਪ੍ਰਚਾਰ ਕਰਨ ਉਪਰੰਤ ਅਰਜੀਆਂ ਮੰਗ ਕੇ ਦਿੱਤੇ ਜਾਣਗੇ। ਜੇਕਰ ਕਿਸੇ ਵਿਸ਼ਸ ਇਲਾਕੇ ਵਿੱਚ ਅਲਾਟ ਕੀਤੀਆਂ ਜਾਣ ਵਾਲੀਆਂ ਇਕਾਈਆਂ ਜਾਂ ਗਰੁੱਪਾਂ ਜਾਂ ਜੋਨਾਂ ਦੀ ਗਿਣਤੀ ਤੋ ਅਰਜੀਆਂ ਦੀ ਗਿਣਤੀ ਜਿਆਦਾ ਹੈ ਤਾਂ ਉਸ ਸੂਰਤ ਵਿੱਚ ਅਲਾਟਮੈਂਟ ਬਿਨੈਕਾਰਾਂ ਅਤੇ ਜਨਤਾ ਦੀ ਹਾਜਰੀ ਅਤੇ ਵਿਭਾਗ ਦੀ ਹਾਜਰੀ ਵਿੱਚ ਪਾਰਦਰਸ਼ੀ ਪ੍ਰਣਾਲੀ ਰਾਂਹੀ ਲਾਟਰੀ ਦੇ ਡਰਾਅ ਕੱਢ ਕੇ ਕੀਤੀ ਜਾਵੇਗੀ। ਹਰ ਇੱਕ ਅਲਾਟਮੈਂਟ ਕੀਤੇ ਜਾਣ ਵਾਲੇ ਸਥਾਨ ਉਤੇ ਵਿਭਾਗ ਅਤੇ ਸਰਕਾਰ ਦੁਆਰਾ ਨਿਗਰਾਨ ਨਿਯੁਕਤ ਕੀਤੇ ਜਾਣਗੇ। ਡਰਾਅ ਆਫ ਲਾਟਸ ਵੇਲੇ ਜੇ ਕੋਈ ਵਿਅਕਤੀ ਵਿਭਾਗ ਵੱਲੋ ਕੱਢੇ ਗਏ ਡਰਾਅ ਨਾਲ ਸੰਤੁਸਟ ਨਹੀਂ ਹੈ ਤਾਂ ਉਹ ਡਰਾਅ ਦੇ ਅਨਾਉਸ ਹੋਣ ਦੇ ਇੱਕ ਘੰਟੇ ਦੇ ਅੰਦਰ-2 ਜਿਲੇ ਦੇ ਸਹਾਇਕ ਅਬਕਾਰੀ ਤੇ ਕਰ ਕਮਿਸ਼ਨਰ ਨੂੰ ਲਿਖਤੀ ਦਰਖਾਸਤ ਦੇ ਸਕਦਾ ਹੈ। ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਸਾਰੇ ਪੱਖਾਂ ਨੂੰ ਵਿਚਾਰ ਕੇ ਤਿੰਨ ਘੰਟੇ ਦੇ ਅੰਦਰ-2 ਸਪੀਕਿੰਗ ਆਰਡਰ ਰਾਹੀਂ ਸਾਰੀਆਂ ਧਿਰਾਂ ਨੂੰ ਆਪਣਾ ਫੈਸਲਾ ਦੇਵੇਗਾ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਤੋ ਸੰਤੁਸਟ ਨਹੀਂ ਹੈ ਤਾਂ ਉਹ ਉਸ ਫੈਸਲ ਦੇ ਵਿਰੁੱਧ 24 ਘੰਟੇ ਤੇ ਅੰਦਰ-2 ਸਬੰਧਤ ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ ਕਰ ਸਕੇਗੀ। ਜੇਕਰ ਕੋਈ ਧਿਰ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੇ ਫੈਸਲੇ ਦੇ ਵਿਰੁੱਧ ਅਪੀਲ ਕਰਨਾ ਚਾਹੁੰਦੀ ਹੈ ਤਾਂ ਉਹ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਪ੍ਰਾਪਤ ਹੁੰਦੇ ਹੀ ਉਹਨਾਂ ਨੂੰ ਲਿਖਤੀ ਤੌਰ ਤੇ ਆਪਣੀ ਅਪੀਲ ਕਰਨ ਦੀ ਮਨਸਾ ਬਾਰੇ ਸਚਿਤ ਕਰੇਗੀ। ਅਜਿਹੀ ਸੂਚਨਾ ਪ੍ਰਾਪਤ ਹੋਣ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਅਲਾਟਮੈਂਟ ਦੀ ਪ੍ਰੀਕ੍ਰਿਆ ਨੂੰ ਪੈਡਿੰਗ ਕਰ ਦੇਣਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਕੋਲ ਅਪੀਲ/ਸੁਣਵਾਈ ਤੋਂ ਪਹਿਲਾਂ ਹਰ ਧਿਰ ਨੂੰ ਲਾਇੰਸਸ ਫੀਸ ਦਾ ਇੱਕ ਪ੍ਰਤੀਸ਼ਤ ਲਾਇਸੰਸ ਫੀਸ ਜਮ੍ਹਾਂ ਕਰਵਾਉਣੀ ਪਵੇਗੀ। ਉਪ

ਆਬਕਾਰੀ ਤੇ ਕਰ ਕਮਿਸ਼ਨਰ ਅਪੀਲ ਪ੍ਰਾਪਤ ਹੋਣ ਦੇ 24 ਘੰਟੇ ਦੇ ਅੰਦਰ-2 ਸਾਰੇ ਪੱਖਾਂ ਨੂੰ ਸੁਣਕੇ ਸਪੀਕਿੰਗ ਆਰਡਰ ਜਾਰੀ ਕਰਨਗੇ। ਉਪ ਆਬਕਾਰੀ ਤੇ ਕਰ ਕਮਿਸ਼ਨਰ ਦਾ ਫੈਸਲਾ ਅੰਤਿਮ ਹੋਵੇਗਾ।

2.24. **ਲਾਇਸੰਸ ਫੀਸ**:- (ੳ) ਸਾਲ 2015-16 ਵਿੱਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਉੱਤੇ ਲਾਇਸੰਸ ਫੀਸ 255/-ਰੁਪਏ ਪ੍ਰਤੀ ਪਰੂਫ ਲੀਟਰ ਨਿਰਧਾਰਤ ਕੀਤੀ ਗਈ ਹੈ। ਬੀਅਰ ਤੇ ਲਾਇਸੰਸ ਫੀਸ 20/-ਰੁਪਏ ਪ੍ਰਤੀ ਬਲਕ ਲੀਟਰ ਰੱਖੀ ਹੈ।

(ਅ) ਗਰੁੱਪਸ ਦਾ ਜੋ ਵੀ ਦੇਸੀ, ਅਗਰੇਜ਼ੀ ਸ਼ਰਾਬ ਅਤੇ ਬੀਅਰ ਦਾ ਕੋਟਾ ਹੋਵਗਾ, ਉਸ ਅਨੁਸਾਰ ਗਰੁੱਪ ਦੀ ਲਾਇਸੰਸ ਫੀਸ ਨਿਰਧਾਰਤ ਕੀਤੀ ਜਾਵੇਗੀ।

(ੲ) ਦੇਸੀ ਸ਼ਰਾਬ ਦੇ ਕੇਸ ਵਿੱਚ ਲਾਇੰਸਸ ਫੀਸ ਨੂੰ ਦੋ ਹਿੱਸਿਆ ਵਿੱਚ ਵੰਡ ਦਿੱਤਾ ਜਾਵੇ 185/- ਰੁਪਏ ਪ੍ਰਤੀ ਪਰੂਫ ਬੇਸਿਕ ਲਾਇੰਸਸ ਫੀਸ ਅਤੇ 70/-ਰੁਪਏ ਪ੍ਰਤੀ ਪਰੂਫ ਲੀਟਰ ਸਪੈਸ਼ਲ ਲਾਇਸੰਸ ਫੀਸ। ਬੇਸਿਕ ਲਾਇੰਸਸ ਫੀਸ, ਸਲਾਨਾ ਲਾਇਸੰਸ ਫੀਸ ਦਾ ਹਿੱਸਾ ਹੋਵੇਗੀ। ਸਪੈਸਲ ਲਾਇਸੰਸ ਫੀਸ ਡਿਸਟਿਲਰੀ ਵੱਲੋਂ ਆਪਣੇ ਐਲ-13 ਨੂੰ ਮਾਲ ਭੇਜਣ ਲਈ ਪਰਮਿਟ ਪ੍ਰਾਪਤ ਕਰਨ ਤੋਂ ਪਹਿਲਾਂ ਜਮ੍ਹਾਂ ਕਰਵਾਈ ਜਾਵੇਗੀ। ਸਪੈਸਲ ਲਾਇਸੰਸ ਫੀਸ ਤੇ ਕੋਈ ਵੈਟ ਨਹੀਂ ਲੱਗੇਗਾ। ਜੇ ਕਿਸੇ ਸਟੇਜ ਤੇ ਸਰਕਾਰ ਨੂੰ ਲੱਗਦਾ ਹੈ ਕਿ ਇਸ ਵੰਡ ਦੇ ਕਾਰਣ ਕੋਈ ਔਖਿਆਈ ਆ ਰਹੀ ਹੈ ਅਤੇ ਇਸ ਵੰਡ ਨੂੰ ਖਤਮ ਕਰਨਾ ਹੈ ਜਾਂ ਇਸ ਵਿੱਚ ਕੋਇ ਤਬਦੀਲੀ ਕਰਨੀ ਹੈ ਤਾਂ ਸਰਕਾਰ ਇਸ ਸਬੰਧੀ ਢੁੱਕਵਾਂ ਫੈਸਲਾ ਲੈਣ ਲਈ ਅਧਿਕਾਰਤ ਹੋਵੇਗੀ।

ਸ) ਹਰ ਲਾਇਸੰਸੀ ਇਹ ਯਕੀਨੀ ਬਣਾਵੇਗਾ ਕਿ 30 ਸਤੰਬਰ ਤੱਕ ਉਸ ਦੇ ਬਣਦੇ ਕੋਟੇ ਦੇ 45% ਦੀ ਸਪੈਸਲ ਲਾਇਸੰਸ ਫੀਸ ਸਰਕਾਰ ਨੂੰ ਅਦਾ ਹੋ ਜਾਵੇ। ਇਸ ਮੰਤਵ ਲਈ ਜਿੰਨੀ ਸਪੈਸਲ ਲਾਇੰਸਸ ਫੀਸ ਲੰਸਸੀ ਵਲੋਂ ਚੱਕੇ ਕੋਟੇ ਤੇ ਅਦਾ ਕੀਤੀ ਜਾ ਚੁੱਕੀ ਹੈ, ਲਸੰਸੀ ਨੂੰ ਉਸਦਾ ਲਾਭ ਦਿੰਦੇ ਹੋਏ ਬਾਕੀ ਬਚਦੀ ਰਕਮ ਉਸ ਤੋਂ ਖਜਾਨੇ ਵਿੱਚ ਜਮ੍ਹਾਂ ਕਰਵਾਈ ਜਾਵੇਗੀ। ਇਸੇ ਤਰਾਂ ਲਸੰਸੀ ਨੂੰ 31 ਦਸੰਬਰ ਤੱਕ 80% ਕੋਟੇ ਤੇ ਬਣਦੀ ਸਪੈਸਲ ਲਸੰਸ ਫੀਸ ਸਰਕਾਰ ਨੂੰ ਅਦਾ ਕਰਨੀ ਹੋਵੇਗੀ ਅਤੇ 31 ਜਨਵਰੀ ਤੱਕ ਸਾਰੇ ਕੋਟੇ ਤੇ ਬਣਦੀ ਸਪੈਸਲ ਲਾਇੰਸਸ ਫੀਸ ਅਦਾ ਕਰਨੀ ਹੋਵੇਗੀ।

2.25. **ਅਲਾਟਮੈਂਟ ਫੀਸ**:-

ਸਾਲ 2015-16 ਦੌਰਾਨ ਕਾਰਪੋਰੇਸ਼ਨ ਏਰੀਏ ਵਿੱਚ ਪੈਂਦ ਲਸੰਸਿਗ ਯੂਨਿਟ/ਗਰੁੱਪ/ਜੋਨ ਦੀ ਬਣਦੀ ਲਸੰਸ ਫੀਸ ਦਾ 2% ਅਤੇ ਹੋਰ ਅਰਬਨ ਅਤੇ ਰੂਰਲ ਏਰੀਏ ਵਿੱਚ ਪੈਂਦੇ ਲਸੰਸਿਗ ਯੂਨਿਟ/ਗਰੁੱਪ/ਜੋਨ ਦੀ ਬਣਦੀ ਲਸੰਸ ਫੀਸ ਦਾ 1% ਦੀ ਦਰ ਨਾਲ ਅਲਾਟਮੈਂਟ ਫੀਸ

ਵਸੂਲੀ ਜਾਵੇਗੀ। ਇਸ ਫੀਸ ਦੀ ਅਦਾਇਗੀ ਕੈਸ ਜਾਂ ਡੀਮਾਂਡ ਡਰਾਫਟ, ਬੈਂਕਰਜ ਚੈਕ, ਪੇ-ਆਰਡਰ ਅਤੇ ਅਦਰ ਪਰੀ ਪੇਡ ਬੈਂਕ ਇਸਟਰੂਮੈਂਟ ਰਾਹੀਂ ਕੀਤੀ ਜਾ ਸਕਦੀ ਹੈ। ਅਗਲਾ ਡਰਾਅ ਪਹਿਲੇ ਸਫਲ ਅਲਾਟੀ ਵਲੋਂ ਅਲਾਟਮੈਂਟ ਫੀਸ ਜਮਾਂ ਕਰਾਉਣ ਤੋ ਬਾਅਦ ਹੀ ਕੱਢਿਆ ਜਾਵੇਗਾ। ਅਜਿਹਾ ਨਾਂ ਕਰਨ ਤੇ ਉਸਦੀ ਅਲਾਟਮੈਂਟ ਰੱਦ ਕਰ ਦਿੱਤੀ ਜਾਵੇਗੀ ਅਤੇ ਅਜਿਹੇ ਵਿਅਕਤੀ ਦੇ ਹੱਕ ਵਿਚ ਕਿਸੇ ਵੀ ਜਿਲ੍ਹੇ ਵਿਚ ਹੋਈ ਜਾਂ ਹੋਣ ਵਾਲੀ ਠੇਕਿਆਂ ਦੇ ਲਸੰਸਾਂ ਦੀ ਅਲਾਟਮੈਂਟ ਨੂੰ ਰੱਦ ਸਮਝਿਆ ਜਾਵੇਗਾ। ਜਦੋਂ ਅਲਾਟਮੈਂਟ ਫੀਸ ਅਦਾ ਕੀਤੀ ਜਾਵੇਗੀ, ਤਾਂ ਇਸ ਨਾਲ ਵਿਅਕਤੀ ਵਿਭਾਗ ਅਤੇ ਉਸ ਨਾਲ ਕੀਤੇ ਸਮਝੌਤੇ ਦੀਆਂ ਸ਼ਰਤਾਂ ਔਬਲੀਗੇ-ਨਾਂ ਤਹਿਤ ਆ ਜਾਵੇਗਾ ਅਤੇ ਉਸ ਨੂੰ ਕੰਟਰੈਕਟ ਦੀਆਂ ਸਾਰੀਆਂ ਸ਼ਰਤਾਂ ਮੰਨਣੀਆਂ ਪੈਣਗੀਆਂ ਜਿਵੇਂ ਕਿ ਲਸੰਸ ਦੀ ਪੂਰੀ ਲਸੰਸ ਫੀਸ ਨੂੰ ਜਮ੍ਹਾਂ ਕਰਵਾਉਣਾ ਆਦਿ। ਇਸ ਨਾਲ ਕੋਈ ਵੀ ਸਫਲ ਅਲਾਟੀ ਆਪਣੀ ਜੁੰਮੇਵਾਰੀ ਤੋ ਮੁਕਰ ਨਹੀ ਸਕੇਗਾ। ਅਲਾਟਮੈਂਟ ਫੀਸ ਦਾ 10 ਪ੍ਰਤੀਸਤ ਸਕਿਉਰਟੀ ਵਿਚੋਂ ਹੇਠ ਲਿਖੇ ਅਨੁਸਾਰ ਵਸੂਲ ਕੀਤਾ ਜਾਵੇਗਾ:-

(1) 5% ਸਕਿਉਰਟੀ ਲਾਟਰੀ ਦੇ ਡਰਾਅ ਤੋ 48 ਘੰਟਿਆਂ ਵਿੱਚ (ਸਭ ਤੋ ਪਹਿਲਾਂ ਇਸ ਵਿੱਚ ਅਦਾ ਕੀਤੀ ਅਲਾਟਮੈਟ ਫੀਸ ਅਡਜਸਟ ਕੀਤੀ ਜਾਵੇਗੀ)

(2) 5% ਸਕਿਉਰਟੀ ਲਾਟਰੀ ਦੇ ਡਰਾਅ ਦੇ 1 ਹਫਤੇ ਵਿਚ ਜਾਂ 31 ਮਾਰਚ ਤੋਂ ਪਹਿਲਾਂ, ਜੋ ਵੀ ਪਹਿਲਾਂ ਆਵੇ।

ਸਾਲ 2015-16 ਦੌਰਾਨ ਸਕਿਉਰਟੀ ਦੀ 10% ਰਾਸੀ ਘਟਾਉਣ ਤੋਂ ਬਾਅਦ ਬਾਕੀ 90% ਲਸੰਸ ਫੀਸ ਦੀਆਂ 9 ਕਿਸਤਾਂ ਹੇਠ ਲਿਖੇ ਅਨੁਸਾਰ ਕਰ ਦਿੱਤੀਆਂ ਗਈਆਂ ਹਨ:-

| ਮਹੀਨਾ | ਲਸੰਸ ਫੀਸ ਪ੍ਰਤੀ ਮਹੀਨਾ |
|---|---|
| ਅਪ੍ਰੈਲ, ਮਈ ਅਤੇ ਜੂਨ | 9 ਪ੍ਰਤੀਸ਼ਤ |
| ਜੁਲਾਈ, ਅਗਸਤ ਅਤੇ ਸਤੰਬਰ | 10 ਪ੍ਰਤੀਸ਼ਤ |
| ਅਕਤੂਬਰ, ਨਵੰਬਰ ਅਤੇ ਦਸੰਬਰ | 11 ਪ੍ਰਤੀਸ਼ਤ |

ਹਰ ਮਹੀਨੇ ਦੀ ਅਦਾਇਗੀ ਯੋਗ ਕਿਸਤ ਹਰ ਮਹੀਨੇ ਦੇ ਅਖੀਰਲੇ ਕਾਰਜੀ ਦਿਨ ਤੱਕ ਦੇਣੀ ਹੋਵੇਗੀ। ਕਿਸੇ ਵੀ ਕਿਸ਼ਤ ਨੂੰ ਦੇਰ ਨਾਲ ਭਰਨ ਤੇ ਜੁਰਮਾਨੇ ਦੀ ਰਕਮ ਤੇ ਵਾਧੂ 1.5% ਪ੍ਰਤੀ ਮਹੀਨੇ ਦਾ ਵਿਆਜ ਪ੍ਰਤੀ ਦਿਨ ਦੇ ਹਿਸਾਬ ਨਾਲ ਵਸੂਲਿਆ ਜਾਵੇਗਾ। ਜੇਕਰ ਪਿਛਲੇ ਮਹੀਨੇ ਦੀ ਲਸੰਸ ਫੀਸ ਅਗਲੇ ਮਹੀਨੇ ਦੀ 15 ਤਰੀਕ ਤੱਕ ਨਹੀਂ ਜਮਾਂ ਕਰਵਾਈ ਜਾਂਦੀ ਤਾਂ ਲਸੰਸ ਮੁਅੱਤਲ ਸਮਝਿਆ ਜਾਵੇਗਾ ਅਤੇ ਠੇਕੇ ਬੰਦ ਕਰ ਦਿੱਤੇ ਜਾਣਗੇ। ਲਸੰਸ ਦੀ ਬਹਾਲੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਬਕਾਇਆ ਕਿਸਤਾਂ, ਵਿਆਜ ਅਤੇ ਜੁਰਮਾਨੇ ਦੀ ਅਦਾਇਗੀ ਕਰ

ਦਿੱਤੀ ਜਾਵੇਗੀ। ਵਾਈਨ ਅਤੇ ਪੀਣਯੋਗ ਤਿਆਰ ਤਰਲ (ਆਰ.ਟੀ.ਡੀ.) ਨੂੰ ਛੱਡਕੇ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਕੋਟੇ ਦੀ ਸਪਲਾਈ ਲਈ ਲਸੰਸੀ ਨੂੰ ਪਰਮਿਟ ਜਾਰੀ ਕਰਨ ਸਮੇਂ ਪੀ.ਐਮ.ਐਲ., ਆਈ.ਐਮ.ਐਫ.ਐਲ. ਅਤੇ ਬੀਅਰ ਤ ਬਣਦੀ ਲਾਇੰਸਸ ਫੀਸ ਅਦਾ ਕਰਨੀ ਹੋਵੇਗੀ। ਇਸ ਰਕਮ ਦਾ ਸਮਯੋਜਨ ਲਸੰਸ ਫੀਸ ਦੀਆ ਪੂਰੀਆਂ ਨ ਮਹੀਨੇ ਵਾਰ ਕਿਸ਼ਤਾਂ ਜਮਾਂ ਹੋਣ ਤੱਕ ਉਸ ਦੀ ਲਸੰਸ ਫੀਸ ਵਿਚੋਂ ਕੀਤਾ ਜਾਵੇਗਾ।

ਸਫਲ ਅਲਾਟੀ 15 ਅਪਰੈਲ, 2015 ਤੱਕ ਆਪਣਾ ਠੇਕਾ ਖੋਲੇਗਾ। ਜੇਕਰ ਉਸ ਤੋ ਅਜਿਹਾ ਨਹੀ ਕੀਤਾ ਜਾ ਸਕਿਆ ਤਾਂ ਸਬੰਧਤ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਉਸਨੂੰ 30 ਅਪਰੈਲ, 2015 ਤੱਕ ਦਾ ਸਮਾਂ ਦੇ ਸਕਦਾ ਹੈ ਪਰ ਇਸਦੇ ਲਈ ਉਸ ਤੋਂ 25,000/- ਰੁਪਏ ਕਾਰਪੋਰੇਸ਼ਨ ਏਰੀਏ ਲਈ ਅਤੇ 10,000/- ਰੁਪਏ ਹੋਰ ਏਰੀਏ ਲਈ ਬਤੌਰ ਜੁਰਮਾਨੇ ਵਜੋ ਵਸੂਲੇ ਜਾਣਗੇ।

2.26. **ਅਡੀਸ਼ਨਲ ਲਾਇਸੰਸ ਫੀਸ**:- ਸਾਲ 2015-16 ਵਿੱਚ ਦੇਸੀ ਸ਼ਰਾਬ ਉੱਤੇ 23 ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਅਡੀਸ਼ਨਲ ਲਾਇਸੰਸ ਫੀਸ ਲਗਾਈ ਗਈ ਹੈ। ਇਸ 23/-ਰੁਪਏ ਵਿਚੋਂ 10/- ਰੁਪਏ ਪ੍ਰਤੀ ਪੀ.ਐਲ. ਸਿੱਖਿਆ ਵਿਭਾਗ ਦੇ ਡੈਡੀਕੇਟਿਡ ਫੰਡ ਵਿਚ ਟਰਾਂਸਫਰ ਕੀਤੇ ਜਾਣਗੇ। ਖੇਡਾਂ ਨੂੰ ਪ੍ਰਫੁਲੱਤ ਕਰਨ ਲਈ ਖੇਡ ਵਿਭਾਗ ਦੇ ਡੈਡੀਕੇਟਡ ਫੰਡ ਵਿੱਚ 8/- ਰੁਪਏ ਪ੍ਰਤੀ ਪੀ.ਐਲ ਟਰਾਂਸਫਰ ਕੀਤੇ ਜਾਣਗੇ। ਬਾਕੀ ਬਚਦੇ 5/- ਪ੍ਰਤੀ ਪੀ.ਐਲ. ਕਲਚਰਲ ਡਿਵੈਲਪਮੈਂਟ ਫੰਡ ਵਿੱਚ ਟਰਾਂਸਫਰ ਕੀਤੇ ਜਾਣਗੇ। ਇਸ ਦੀ ਅਦਾਇਗੀ, ਡੀਮਾਂਡ ਡਰਾਫਟ, ਬੈਕਰਜ ਚੈਕ, ਪੇ-ਆਰਡਰ ਜਾਂ ਹੋਰ ਪ੍ਰੀ ਪੇਡ ਬੈਕ ਇਸਟਰੂਮੈਂਟ ਰਾਂਹੀ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਦੇ ਖਾਤੇ ਵਿਚ ਕੀਤੀ ਜਾਵੇਗੀ।

2.27. **ਸਪੈਸਲ ਅਸੈਸਡ ਫੀਸ**:- ਦੇਸੀ ਸ਼ਰਾਬ ਵਿੱਚ 75 ਡਿਗਰੀ ਦੀ ਸ਼ਰਾਬ ਵੀ ਉਪਲਬਧ ਕਰਵਾਈ ਜਾਵੇਗੀ। ਇਸ ਸ਼ਰਾਬ ਤੇ 20/-ਰੁਪਏ ਪ੍ਰਤੀ ਪਰੂਫ ਲੀਟਰ ਦੀ ਦਰ ਨਾਲ ਸਪੈਸਲ ਅਸੈਸਡ ਫੀਸ ਚਾਰਜ ਕੀਤੀ ਜਾਵੇ।

2.28. **ਐਕਸਟਰਾ ਲਾਇਸੰਸ ਫੀਸ (ਈ.ਐਲ.ਐਫ.)**:- ਅੰਗਰੇਜ਼ੀ ਸ਼ਰਾਬ ਉਤੇ ਐਕਸਟਰਾ ਲਾਇਸੰਸ ਫੀਸ ਵਿੱਚ ਕੋਈ ਤਬਦੀਲੀ ਨਹੀ ਕੀਤੀ ਗਈ ਹੈ ਅਤੇ ਇਹ ਹੇਠ ਲਿਖੇ ਅਨੁਸਾਰ ਚਾਰਜ ਕੀਤੀ ਜਾਵੇਗੀ: -

| **EDP Range of IMFL/IFL** | **Rate of ELF in Rs. Per PL** |
|---|---|
| **EDP upto 650** | **35/-** |
| EDP 651 - 950 | **40/-** |
| EDP 951 – 1200 | **50/-** |
| EDP 1201 – 1500 | **60/-** |

| | |
|---|---|
| EDP 1501 – 2500 | **75/-** |
| EDP 2501 – 3500 | **100/-** |
| EDP 3501 – 4500 | **140/-** |
| EDP 4501 – 7000 | **220/-** |
| EDP above 7000 | **260/-** |

2.29. **ਇੰਪੋਰਟ ਫੀਸ** :- ਪਿਛਲੇ ਸਾਲ ਦੀ ਆਬਕਾਰੀ ਨੀਤੀ ਵਿੱਚ ਰਾਜ ਤੋਂ ਬਾਹਰੋਂ ਬੋਟਲ ਹੋ ਕੇ ਆਉਣ ਵਾਲੀ ਆਈ.ਐਮ.ਐਫ.ਐਲ. ਤੇ 25/-ਰੁਪ੍ਰਏ ਪ੍ਰਤੀ ਪਰੂਫ ਲੀਟਰ ਇੰਮਪੋਰਟ ਫੀਸ ਲਗਾਈ ਗਈ ਸੀ। ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ।

2.30. **ਬੀਅਰ ਅਸੈਸਡ ਫੀਸ** :-ਸਾਲ 2015-16 ਦੌਰਾਨ ਲਾਈਟ ਅਤੇ ਸਟਰੋਂਗ ਬੀਅਰ ਤੇ ਕ੍ਰਮਵਾਰ 20/-ਰੁਪਏ ਅਤੇ 25/- ਰੁਪਏ ਪ੍ਰਤੀ ਬੀ.ਐਲ. ਅਸੈਸਡ ਫੀਸ ਚਾਰਜ ਕੀਤੀ ਜਾਵੇਗੀ। ਕੈਨ ਬੀਅਰ ਦੀ ਲਾਈਟ ਅਤੇ ਸਟਰੋਂਗ ਦੋਵੋਂ ਕਿਸਮਾਂ ਤੇ 20/-ਰੁਪਏ ਪ੍ਰਤੀ ਬੀ.ਐਲ. ਅਸੈਸਡ ਫੀਸ ਚਾਰਜ ਕੀਤੀ ਜਾਵੇਗੀ। ਇਹ ਅਸੈਸਡ ਫੀਸ L-1, L-1A,L-1B ਅਤੇ ਪਹਿਲੀ ਵਾਰ ਆਯਾਤ ਕਰਨ ਵਾਲੇ ਲਾਇਸੰਸੀ ਤੋ ਲਈ ਜਾਵੇਗੀ। L-3, L-4 ਅਤੇ L-5,L-3A, L-4A ਅਤੇ L-5A, L-5B ਅਤ L-12C ਲਾਇਸੈਸਾਂ ਤੋ ਵਾਧੂ ਅਸੈਸਡ ਫੀਸ ਉਨ੍ਹਾਂ ਲਈ ਅਨੁਲੱਗ-1 ਵਿੱਚ ਦਰਜ ਦਰਾਂ ਦੇ ਆਧਾਰ ਤੇ ਹੋਰ ਵਸੂਲੀ ਜਾਵੇਗੀ। ਉਪਰੋਕਤ ਦੇ ਅਧਾਰ ਤੇ ਜਿੱਥੇ ਅਸੈਸਡ ਫੀਸ ਪਹਿਲਾਂ ਤੋਂ ਹੀ ਅਦਾ ਕੀਤੀ ਗਈ ਹੋਵੇ, ਉਥੇ ਹੋਰ ਅਸੈਸਡ ਫੀਸ ਨਹੀਂ ਲਈ ਜਾਵੇਗੀ।

2.31. **ਪਰਮਿਟ ਫੀਸ**:- (ੳ) ਸਾਲ 2014-15 ਦੋਰਾਨ ਭਾਰਤ ਵਿਚ ਬਣੀ ਵਿਦੇਸ਼ੀ ਸ਼ਰਾਬ ਅਤੇ ਇੰਪੋਰਟਿਡ ਵਿਦੇਸ਼ੀ ਸ਼ਰਾਬ, ਬੀਅਰ ਅਤੇ ਡਿਨੇਚਰਡ ਸਪਿਰਟ ਤੇ ਹੇਠ ਦਿੱਤੀ ਸਾਰਣੀ ਅਨੁਸਾਰ ਪਰਮਿਟ ਫੀਸ ਲਈ ਜਾਂਦੀ ਹੈ। ਉਸਦਾ ਵੇਰਵਾ ਵੀ ਹੇਠ ਲਿਖੇ ਅਨੁਸਾਰ ਹੈ:-

(ਰੁਪਇਆਂ ਵਿੱਚ)

| ਸ਼ਰਾਬ ਅਤੇ ਸਪਿਰਟ ਦੀ ਕਿਸਮ | ਪਰਮਿਟ ਫੀਸ ਦੀ ਦਰ | ਜੋ ਹਿੱਸਾ ਐਟਸਾ ਨੂੰ ਜਾਂਦਾ ਹੈ | ਜੋ ਹਿੱਸਾ ਸੋਸ਼ਲ ਸਿਕਿਉਰਟੀ ਸੈਸ ਨੂੰ ਜਾਂਦਾ ਹੈ |
|---|---|---|---|
| 1 | 2 | 3 | 4 |
| ਭਾਰਤ ਵਿਚ ਬਣੀ ਵਿਦੇਸ਼ੀ ਸ਼ਰਾਬ ਅਤੇ ਵਿਦੇਸ਼ੀ ਸ਼ਰਾਬ (ਪ੍ਰਤੀ ਪਰੂਫ ਲਿਟਰ) | 2.00 | 1.00 | 1.00 |

| | | | |
|---|---|---|---|
| ਬੀਅਰ (ਪ੍ਰਤੀ ਬਲਕ ਲਿਟਰ) | 2.00 | 1.00 | 1.00 |
| ਡਿਨੇਚਰਡ ਸਪਿਰਟ (ਪ੍ਰਤੀ ਬਲਕ ਲਿਟਰ) | 2.00 | 1.00 | 1.00 |
| ਹੋਰ ਰਾਜਾਂ/ ਯੂ.ਟੀ. ਤੋ ਆਉਣ ਵਾਲੀ ਡਿਨੇਚਰਡ ਸਪਿਰਟ (ਪ੍ਰਤੀ ਬਲਕ ਲਿਟਰ) | 1.20 | 0.60 | 0.60 |

ਪਰਮਿਟ ਫੀਸ ਦੀ ਅਦਾਇਗੀ ਡੀਮਾਂਡ ਡਰਾਫਟ, ਬੈਕਰਜ ਚੈਕ, ਪੇ-ਆਰਡਰ ਜਾਂ ਹੋਰ ਪਰੀਪੇਡ ਬੈਕ ਇਸਟਰੂਮੈਟਸ ਰਾਂਹੀ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਦੇ ਖਾਤੇ ਵਿਚ ਹੁੰਦੀ ਹੈ। ਸਾਲ 2015-16 ਦੌਰਾਨ ਪਰਮਿਟ ਫੀਸ ਦੀਆਂ ਦਰਾਂ ਵਿੱਚ ਕੋਈ ਵਾਧਾ ਨਾ ਕਰਦੇ ਹੋਏ ਇਸਦੀ ਉਪਰੋਕਤ ਦੇ ਅਧਾਰ ਤੇ ਕੀਤੀ ਐਲੋਕੇਸ਼ਨ ਅਤ ਅਦਾਇਗੀ ਦੀ ਪ੍ਰਣਾਲੀ ਨੂੰ ਜਾਰੀ ਰਖਿਆ ਗਿਆ ਹੈ।

(ਅ) ਲਾਇਸੰਸਧਾਰਕ ਨੂੰ ਪੰਜਾਬ ਵਿਚ ਕੀਤੀ ਜਾਣ ਵਾਲੀ ਆਈ.ਐਮ.ਐਫ.ਐਲ ਦੀ ਸੇਲ ਵਿਚ ਮਹੀਨੇਵਾਰ ਵਰਤੀ ਜਾਣ ਵਾਲੀ ਸਪਿਰਟ ਜਾਂ ਈ.ਐਨ.ਏ. ਤੇ ਐਡਵਾਂਸ ਵਿਚ ਪਰਮਿਟ ਫੀਸ ਦੇਣ ਦੀ ਆਪਸ਼ਨ ਹੈ। ਐਡਵਾਂਸ ਪਰਮਿਟ ਫੀਸ ਦੀ ਰਕਮ ਨੂੰ ਮਹੀਨੇ ਦੇ ਅਖੀਰ ਵਿਚ ਰੈਕਟੀਫਾਈਡ ਸਪਿਰਟ/ਐਕਸਟਰਾ ਨਿਊਟਰਲ ਐਲਕੋਹਲ ਜੋ ਕਿ ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰ ਵੇਚੀ ਜਾਣ ਵਾਲੀ ਆਈ.ਐਮ.ਐਫ.ਐਲ ਬਣਾਉਣ ਲਈ ਵਰਤੀ ਜਾਂਦੀ ਹੈ, ਨਾਲ ਰੀਕੰਸਾਈਲ ਕੀਤਾ ਜਾਂਦਾ ਹੈ। ਸਾਲ 2015-16 ਵਿੱਚ ਰੈਕਟੀਫਾਇਡ ਸਪਿਰਟ/ਐਕਸਟਰਾ ਨਿਊਟਰਲ ਐਲਕੋਹਲ ਜੋ ਡਿਸਟਿਲਰੀਆਂ ਤੋਂ ਬਾਟਲਿੰਗ ਪਲਾਂਟਾਂ ਨੂੰ ਟ੍ਰਾਂਸਫਰ ਕੀਤੀ ਜਾਂਦੀ ਹੈ ਅਤੇ ਉਹਨਾਂ ਦੁਆਰਾ ਪੰਜਾਬ ਵਿੱਚ ਵੇਚੀ ਜਾਣ ਵਾਲੀ ਆਈ.ਐਮ.ਐਫ.ਐਲ. ਬਣਾਉਣ ਲਈ ਵਰਤੀ ਜਾਂਦੀ ਹੈ, ਰੈਕਟੀਫਾਇਡ ਸਪਿਰਟ/ਐਕਸਟਰਾ ਨਿਊਟਰਲ ਐਲਕੋਹਲ ਜੋ ਡਿਸਟਿਲਰੀਆਂ ਵਿੱਚ ਤਿਆਰ ਕੀਤੀ ਜਾਂਦੀ ਹੈ ਅਤੇ ਉਹਨਾਂ ਦੁਆਰਾ ਪੰਜਾਬ ਵਿੱਚ ਵੇਚੀ ਜਾਣ ਵਾਲੀ ਆਈ.ਐਮ.ਐਫ.ਐਲ. ਬਣਾਉਣ ਲਈ ਵਰਤੀ ਜਾਂਦੀ ਹੈ ਤੇ ਪਰਮਿਟ ਫੀਸ ਦੀ ਦਰ ਹੇਠ ਲਿਖੇ ਅਨੁਸਾਰ ਵਸੂਲੀ ਜਾਵੇਗੀ:-

| | |
|---|---|
| ਰੈਕਟੀਫਾਇਡ ਸਪਿਰਟ/ਐਕਸਟਰਾ ਨਿਊਟਰਲ ਐਲਕੋਹਲ ਜੋ ਡਿਸਟਿਲਰੀਆਂ ਤੋਂ ਬਾਟਲਿੰਗ ਪਲਾਂਟਾਂ ਨੂੰ ਟ੍ਰਾਂਸਫਰ ਕੀਤੀ ਜਾਂਦੀ ਹੈ ਅਤੇ ਉਹਨਾਂ ਦੁਆਰਾ ਪੰਜਾਬ ਵਿੱਚ ਵੇਚੀ ਜਾਣ ਵਾਲੀ ਆਈ.ਐਮ.ਐਫ.ਐਲ. ਬਣਾਉਣ ਲਈ ਵਰਤੀ ਜਾਂਦੀ ਹੈ ਅਤੇ ਰੈਕਟੀਫਾਇਡ ਸਪਿਰਟ/ਐਕਸਟਰਾ ਨਿਊਟਰਲ ਐਲਕੋਹਲ ਜੋ ਡਿਸਟਿਲਰੀਆਂ ਵਿੱਚ ਤਿਆਰ ਕੀਤੀ ਜਾਂਦੀ ਹੈ ਅਤੇ ਉਹਨਾਂ ਦੁਆਰਾ ਪੰਜਾਬ ਵਿੱਚ ਵੇਚੀ ਜਾਣ ਵਾਲੀ ਆਈ.ਐਮ.ਐਫ.ਐਲ. ਬਣਾਉਣ ਲਈ | i) 2/-ਰੁਪਏ ਪ੍ਰਤੀ ਬੀ.ਐਲ. 500/- ਰੁਪਏ ਤੱਕ ਦੀ ਈ.ਡੀ.ਪੀ.ਲਈ।<br>ii) 10/-ਰੁਪਏ ਪ੍ਰਤੀ ਬੀ.ਐਲ. 500/- ਰੁਪਏ ਤੋਂ 1350/-ਰੁਪਏ ਤੱਕ ਦੀ ਈ.ਡੀ.ਪੀ.ਲਈ।<br>iii) 20/-ਰੁਪਏ ਪ੍ਰਤੀ ਬੀ.ਐਲ. 1350/-ਰੁਪਏ ਤੋਂ ਉਪਰ ਦੀ ਈ.ਡੀ.ਪੀ.ਲਈ। |

| | |
|---|---|
| ਵਰਤੀ ਜਾਂਦੀ ਹੈ | |

2.32. **ਲਿਕੁਰ ਨੂੰ ਟਰਾਂਸਫਰ ਕਰਨ ਤੇ ਪਰਮਿਟ ਫੀਸ:**- ਹਰ ਸਾਲ ਦੀ ਆਬਕਾਰੀ ਨੀਤੀ ਵਿੱਚ ਇਹ ਪ੍ਰਾਵਧਾਨ ਹੁੰਦਾ ਹੈ ਕਿ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਇੱਕ ਜਿਲੇ ਦੇ ਐਲ-1 ਤੋਂ ਦੂਸਰੇ ਜਿਲੇ ਦੇ ਐਲ-1 ਨੂੰ ਅੰਗ੍ਰੇਜੀ ਸ਼ਰਾਬ ਟਰਾਂਸਫਰ ਕੀਤੀ ਜਾ ਸਕੇ। ਸਾਲ 2014-15 ਦੌਰਾਨ ਇੱਕ ਜਿਲ੍ਹੇ ਦੇ ਐਲ-1 ਤੋਂ ਦੂਸਰੇ ਜਿਲ੍ਹੇ ਦੇ ਐਲ-1 ਨੂੰ ਟਰਾਂਸਫਰ ਕੀਤੀ ਜਾਣ ਵਾਲੀ ਅੰਗਰੇਜ਼ੀ ਸ਼ਰਾਬ ਅਤੇ ਬੀਅਰ ਉਤੇ 1/-ਰੁਪਏ ਪ੍ਰਤੀ ਪਰੂਫ ਲੀਟਰ/ਬਲਕ ਦੀ ਦਰ ਨਾਲ ਪਰਮਿਟ ਫੀਸ ਵਸੂਲ ਕੀਤੀ ਜਾਂਦੀ ਹੈ, ਇਸ ਪ੍ਰੋਵੀਜਨ ਨੂੰ ਇਸੇ ਤਰ੍ਹਾਂ ਲਾਗੂ ਰੱਖਿਆ ਗਿਆ ਹੈ। ਇੱਕ ਜਿਲੇ ਦੇ ਐਲ-1 ਤੋਂ ਦੂਜੇ ਜਿਲੇ ਦੇ ਐਲ-1 ਨੂੰ ਅੰਗ੍ਰੇਜੀ ਸ਼ਰਾਬ ਜਾਂ ਬੀਅਰ ਭੇਜਣ ਵਾਲੇ ਜਿਲੇ ਨਾਲ ਸਬੰਧਤ ਉਪ ਆਬਕਾਰੀ ਅਤੇ ਕਰ ਕਮਿਸ਼ਨਰ, ਮੰਡਲ ਇੰਚਾਰਜ ਦੀ ਪ੍ਰਵਾਨਗੀ ਅਤੇ ਰਸੀਵ ਕਰਨ ਵਾਲੇ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੀ ਸਹਿਮਤੀ ਨਾਲ ਹੀ ਭੇਜੀ ਜਾ ਸਕੇਗੀ।

2.33. **ਕੋਟੇ ਦੀ ਲਿਫਟਿੰਗ** :- ਪਿਛਲੇ ਸਾਲ ਦੀ ਆਬਕਾਰੀ ਨੀਤੀ ਵਿੱਚ ਇਹ ਉਪਬੰਧ ਕੀਤਾ ਗਿਆ ਸੀ ਕਿ ਜੇਕਰ ਕੋਈ ਲਸੰਸੀ ਕੁਆਰਟਰਲੀ ਕੋਟਾ ਨਹੀਂ ਚੱਕਦਾ ਤਾਂ ਉਸਤੇ 5 ਰੁਪਏ ਪ੍ਰਤੀ ਪੀ.ਐਲ ਦੇ ਹਿਸਾਬ ਨਾਲ ਜੁਰਮਾਨਾ ਲਗਾਇਆ ਜਾਵੇਗਾ। ਮੀਟਿੰਗਾਂ ਵਿੱਚ ਲਸੰਸੀਆਂ ਨੇ ਦੱਸਿਆ ਹੈ ਕਿ ਉਹ ਲਸੰਸ ਫੀਸ ਤਾਂ ਸਰਕਾਰ ਦੀ ਨੀਤੀ ਅਨੁਸਾਰ ਸਮੇਂ ਸਿਰ ਜਮ੍ਹਾਂ ਕਰਵਾਉਣ ਲਈ ਪਾਬੰਦ ਹਨ, ਪਰ ਕੋਟੇ ਦੀ ਲਿਫਟਿਗ ਨਾ ਕਰਨ ਤੇ ਪੈਨਲਟੀ ਲਗਾਉਣ ਕਾਰਣ ਉਹਨਾਂ ਤੇ ਬੇਲੜਾ ਬੋਝ ਪੈਂਦਾ ਹੈ, ਉਨ੍ਹਾਂ ਨੂੰ ਮਾਰਕੀਟ ਵਿੱਚ ਅਨਹੈਲਦੀ ਕੰਪੀਟੀਸ਼ਨ ਹੁੰਦਾ ਹੈ। ਇਸ ਲਈ ਉਨ੍ਹਾਂ ਨੇ ਮੰਗ ਅਨੁਸਾਰ ਕੁਆਰਟਰਲੀ ਲਿਫਟਿੰਗ ਤੇ ਜੁਰਮਾਨੇ ਦੀ ਸ਼ਰਤ ਹਟਾ ਦਿੱਤੀ ਗਈ ਹੈ।

2.34. **ਕੋਟਾ ਇੰਟਰਚੇਂਜ ਕਰਨ ਦੀ ਸਹੂਲਤ:-**

ੳ) ਸਾਲ 2014-15 ਦੌਰਾਨ ਲਾਇਸੰਸੀ ਆਪਣੇ ਅੰਗਰੇਜ਼ੀ ਜਾਂ ਦੇਸੀ ਸ਼ਰਾਬ ਦੇ ਕੁੱਲ ਕੋਟੇ ਵਿੱਚੋ 10% ਤੱਕ ਦੇ ਕੋਟੇ ਨੂੰ ਦੇਸੀ ਤੋਂ ਅੰਗਰੇਜ਼ੀ ਜਾਂ ਅੰਗਰੇਜ਼ੀ ਤੋਂ ਦੇਸੀ ਕੋਟੇ ਵਿੱਚ ਮੰਗ ਅਨੁਸਾਰ ਤਬਦੀਲ ਕਰ ਸਕਦਾ ਹੈ ਅਤੇ ਤਬਦੀਲ ਕਰਨ ਉਪਰੰਤ ਚੁੱਕੇ ਜਾਣ ਵਾਲੇ ਕੋਟੇ ਉਤੇ ਲਾਗੂ ਸਾਰੀਆਂ ਆਬਕਾਰੀ ਲੈਵੀਆਂ ਦੇਣੀਆਂ ਲਾਜਮੀ ਹਨ। ਸਾਲ 2015-16 ਲਈ ਇਸ ਸਹੂਲਤ ਨੂੰ ਪਿਛਲੇ ਸਾਲ ਦੀ ਤਰਜ ਤੇ ਚੁੱਕੇ ਜਾਣ ਵਾਲੇ ਕੋਟੇ ਤੇ ਸਾਰੀਆਂ ਆਬਕਾਰੀ ਲੈਵੀਆਂ ਲਈਆ ਜਾਣਗੀਆਂ। ਇਸ ਕਰਕੇ ਲਾਇਸੰਸੀ ਨੂੰ ਦੇਸੀ ਤੋਂ ਅੰਗਰੇਜ਼ੀ ਦੇ ਕੋਟੇ ਵਿੱਚ ਤਬਦੀਲੀ ਕਰਾਉਣ ਲਈ ਲਗਾਈਆਂ ਗਈਆਂ ਲੈਵੀਆਂ ਦਾ ਫਰਕ ਵੀ ਅਦਾ ਕਰਨਾ ਹੋਵੇਗਾ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਦੇਸੀ ਸ਼ਰਾਬ ਤੋਂ ਅੰਗਰੇਜ਼ੀ ਸ਼ਰਾਬ ਵੱਲ

ਕਨਵਰਸਨ ਕਰਵਾਉਣ ਵੇਲੇ ਬੇਸਿਕ ਲਾਇਸੰਸ ਫੀਸ ਅਤ ਸਪੈਸਲ ਲਾਇਸੰਸ ਫੀਸ ਅਤੇ ਅੰਗਰੇਜ਼ੀ ਸ਼ਰਾਬ ਤੇ ਬਣਦੀਆਂ ਲੈਵੀਜ ਦੀ ਅਦਾਇਗੀ ਕਰਨੀ ਪਵੇਗੀ ਅਤੇ ਅੰਗਰੇਜ਼ੀ ਸ਼ਰਾਬ ਤੋਂ ਦੇਸੀ ਦੀ ਕਨਵਰਸਨ ਕਰਵਾਉਣ ਲਈ ਅੰਗੇਰਜੀ ਸ਼ਰਾਬ ਦੀ ਲਾਇਸੰਸ ਫੀਸ ਅਤੇ ਦੇਸੀ ਸ਼ਰਾਬ ਦੀ ਅਡੀਸਨਲ ਲਾਇਸੰਸ ਫੀਸ ਦੀ ਅਦਾਇਗੀ ਕਰਨੀ ਪਵੇਗੀ।

ਅ) ਲਸੰਸਧਾਰੀ ਜਿਨਾਂ ਦੇ ਯੂਨਿਟਾਂ ਨਾਲ ਐਲ-2 ਠੇਕੇ ਸਬੰਧਤ ਹਨ, ਨੂੰ ਆਪਸ਼ਨ ਦਿੱਤੀ ਜਾਵੇਗੀ ਕਿ ਉਹ ਪੀ.ਐਮ. ਐਲ. ਦੇ ਕੋਟੇ ਦੇ 10% ਹਿੱਸੇ ਨੂੰ ਆਈ.ਐਮ.ਐਫ.ਐਲ. ਵਿੱਚ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਤਬਦੀਲ ਕਰ ਸਕਦੇ ਹਨ:-

i) ਇਹ ਆਪਸ਼ਨ ਅਜਿਹੇ ਲਸੰਸ ਧਾਰਕਾਂ ਨੂੰ ਉਪਲਬਧ ਨਹੀਂ ਹੋਵੇਗੀ ਜਿਹਨਾਂ ਦੇ ਲਸਸਿੰਗ ਯੂਨਿਟਾਂ/ ਗਰੁੱਪ/ਜੋਨ ਵਿੱਚ ਕੇਲ ਐਲ-14 ਏ ਠੇਕਾ/ਠੇਕੇ ਹਨ।

ii) ਇਹ ਆਪਸ਼ਨ ਉਹਨਾਂ ਡਿਸਟਿਲਰੀਆਂ ਲਈ ਹੀ ਹੋਵੇਗੀ ਜੋ ਦੇਸੀ ਸ਼ਰਾਬ ਅਤੇ ਆਪਣੇ ਰਜਿਸਟਰਡ ਆਈ.ਐਮ.ਐਫ.ਐਲ. ਦੇ ਬਰਾਂਡਜ ਬਣਾਉਂਦੀਆਂ ਹਨ, ਇਸ ਸ਼ਰਤ ਤੇ ਕਿ ਤਬਦੀਲ ਹੋਣ ਵਾਲੇ ਆਈ.ਐਮ.ਐਫ.ਐਲ. ਦੇ ਬਰਾਂਡਾਂ ਦੀ ਈ.ਡੀ.ਪੀ. 600/-ਰੁਪਏ ਪ੍ਰਤੀ ਕੇਸ ਤੋਂ ਵੱਧ ਨਾ ਹੋਵੇ।

iii) ਕਿਸੇ ਵੀ ਡਿਸਟਿਲਰੀ ਨੂੰ 5.00 ਲੱਖ ਪੀ.ਐਲ. ਤੋਂ ਵੱਧ ਤਬਦੀਲ ਕਰਨ ਦੀ ਆਗਿਆ ਨਹੀਂ ਹੋਵੇਗੀ।

iv) ਇਸ ਤਬਦੀਲੀ ਲਈ ਲਿਫਟ ਕੀਤੇ ਜਾਣ ਵਾਲੇ ਬਰਾਂਡ ਦੀ ਐਕਸਟਰਾ ਲਸੰਸ ਫੀਸ ਨਾਰਮਲ ਰੇਟ ਨਾਲੋਂ ਅੱਧੇ ਰੇਟ ਤੇ ਹੋਵੇਗੀ। ਤਬਦੀਲ ਕੀਤੇ ਕੋਟੇ ਤੇ ਆਈ.ਐਮ.ਐਫ.ਐਲ. ਤੇ ਲੱਗਣ ਵਾਲੀਆਂ ਬਾਕੀ ਸਾਰੀਆਂ ਲੈਵੀਆਂ ਲੱਗਣਗੀਆਂ।

v) ਇਹ ਤਬਦੀਲੀ ਦੇਸੀ ਸ਼ਰਾਬ ਦੇ 70% ਓਪਨ ਕੋਟੇ ਵਿੱਚੋਂ ਹੋਵੇਗੀ ਜਿਹੜਾ ਕਿ ਕਿਸੇ ਵੀ ਡੀ.2 ਲੰਸਸੀ ਤੋਂ ਚੁੱਕਿਆ ਜਾ ਸਕਦਾ ਹੈ। ਜਿਸ ਦੇ ਆਈ.ਐਮ.ਐਫ.ਐਲ. ਦੇ ਆਪਣੇ ਰਜਿਸਟਰਡ ਬਰਾਂਡ ਹੋਣ।

2.35. **ਨਿਰਧਾਰਿਤ ਕੀਤੇ ਕੋਟੇ ਦੀ 100% ਲਿਫਟਿੰਗ ਅਤੇ ਸਾਰੀਆਂ ਫੀਸਾਂ ਯਕੀਨੀ ਬਣਾਉਣ ਬਾਰੇ:-** ਮੌਜੂਦਾ ਸਾਲ ਦੌਰਾਨ ਲਾਇਸੰਸੀ ਲਈ ਜਰੂਰੀ ਹੈ ਕਿ ਮਿਤੀ 31-12-2014 ਤੱਕ ਆਪਣੇ ਸਮੁੱਚੇ ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦੇ ਕੋਟੇ ਲਈ ਨਿਰਧਾਰਤ ਕੀਤੀ ਲਾਇਸੰਸ ਫੀਸ ਜਮ੍ਹਾਂ ਕਰਾਉਣੀ ਹੈ। ਬਲਕਿ ਜੇਕਰ 10 ਮਾਰਚ 2015 ਤੱਕ ਮੁਕੰਮਲ ਕੋਟਾ ਨਹੀਂ ਚੁੱਕਿਆ ਜਾਂਦਾ ਤਾਂ ਲਾਇਸੰਸੀ ਸਮੁੱਚੇ ਅਲਾਟ ਕੀਤੇ ਕੋਟੇ ਤੇ ਸਾਰੀਆਂ ਲਗਦੀਆਂ ਲੈਵੀਜ ਮਿਤੀ 15 ਮਾਰਚ ਤੱਕ ਅਦਾ ਕਰਨ ਲਈ ਜੁੰਮੇਵਾਰ ਹੈ। ਲਾਇਸੰਸੀ ਦੁਆਰਾ ਮਿਤੀ 10 ਮਾਰਚ ਤੱਕ 100% ਪੀ.ਐਮ.ਐਲ. ਅਤੇ ਆਈ.ਐਮ.ਐਫ.ਐਲ. ਦਾ ਕੋਟਾ ਚੁਕਣਾ ਵੀ

ਜਰੂਰੀ ਹੈ। ਜੇਕਰ ਲਾਇਸੰਸੀ ਆਪਣੇ ਕੋਟ ਦਾ ਕੁੱਝ ਹਿੱਸਾ ਚੁੱਕਣ ਵਿਚ ਅਸਮਰਥ ਹੋਵੇ ਤਾਂ ਉਹ 15 ਮਾਰਚ ਤੱਕ ਆਬਕਾਰੀ ਐਕਟ/ਨਿਯਮ/ ਆਬਕਾਰੀ ਨੀਤੀ ਅਨੁਸਾਰ ਸਾਰੀਆਂ - ਬਣਦੀਆਂ ਲੈਵੀਜ ਅਤੇ ਲਾਇਸੰਸ ਫੀਸ ਜਮਾਂ ਕਰਵਾਉਣ ਲਈ ਜਿੰਮੇਵਾਰ ਹੈ। ਲਾਇਸੰਸੀ ਦੁਆਰਾ ਐਲ-13 ਜਾਂ ਐਲ-1 ਤੋਂ ਪੀ.ਐਮ.ਐਲ./ ਆਈ.ਐਮ.ਐਫ.ਐਲ./ਬੀਅਰ ਦੇ ਕੋਟੇ ਨੂੰ ਨਾਂ ਚੁੱਕਣ ਦੀ ਸੂਰਤ ਵਿੱਚ ਪੀ.ਐਮ.ਐਲ. ਦੇ ਕੋਟੇ ਲਈ ਨਿਰਧਾਰਤ ਅਡੀਸ਼ਨਲ ਲਾਇਸੰਸ ਫੀਸ, ਆਈ.ਐਮ.ਐਫ.ਐਲ. ਉਤੇ ਸਭ ਤੋ ਹੇਠਲੀ ਸ੍ਰੇਣੀ ਲਈ ਬਣਦੀ ਐਕਸਟਰਾ ਲਾਇਸੰਸ ਫੀਸ, ਬੀਅਰ ਤੇ ਅਸੈਸਡ ਫੀਸ ਅਤੇ ਹੋਰ ਦੂਸਰੀਆਂ ਲੈਵੀਜ 15 ਮਾਰਚ ਤੱਕ ਅਦਾ ਕਰਨ ਲਈ ਜਿਮੇਵਾਰ ਹੋਵੇਗਾ ਅਤੇ ਉਪਰੋਕਤ ਪੈਰੇ ਵਿੱਚ ਦਰਸਾਏ ਸਾਲ 2014-15 ਲਈ ਨਿਰਧਾਰਤ ਕੀਤੇ ਉਪਬੰਧ ਸਾਲ 2015-16 ਲਈ ਇੰਨ-ਬਿੰਨ ਲਾਗੂ ਰਹਿਣਗੇ। ਪਰ ਲਾਇਸੰਸੀ ਨੂੰ ਦੇਸੀ ਸ਼ਰਾਬ ਦੇ ਕੋਟੇ ਤੇ 70/-ਰੁਪਏ ਪ੍ਰਤੀ ਪੀ.ਐਲ. ਦੀ ਦਰ ਨਾਲ ਲਗਦੀ ਸਪੈਸ਼ਲ ਲਾਇਸੰਸ ਫੀਸ ਜੋ ਕਿ 100% ਕੋਟੇ ਨਾਲ ਸਬੰਧਤ ਹੈ ਮਿਤੀ 31-1-2016 ਤੱਕ ਹੀ ਜਮ੍ਹਾਂ ਕਰਵਾਉਣੀ ਹੋਵੇਗੀ।

2.36. **ਅਹਾਤੇ**:- ਸ਼ਹਿਰੀ ਖੇਤਰਾਂ ਦੇ ਸਾਰੇ ਲਾਇਸੰਸਿੰਗ ਯੂਨਿਟਾਂ ਦੇ ਨਾਲ ਅਹਾਤੇ ਲਾਇਸੰਸ ਐਲ-52 ਖੋਲਣ ਦੀ ਇਜਾਜਤ ਹੋਵੇਗੀ। ਜੇਕਰ ਕਿਸੇ ਕਾਰਣ ਕਿਸੇ ਸ਼ਹਿਰੀ ਖੇਤਰ ਵਿੱਚ ਅਹਾਤਾ ਨਹੀਂ ਖੁਲੱਦਾ ਉਸ ਸੂਰਤ ਵਿੱਚ ਸ਼ਰਾਬ ਦੇ ਠੇਕੇਦਾਰ ਨੂੰ ਉਸ ਅਹਾਤੇ ਦੀ ਬਣਦੀ ਲਾਇਸੰਸ ਫੀਸ ਅਦਾ ਕਰਨੀ ਲਾਜਮੀ ਹੋਵੇਗੀ। ਜਿਹੜੇ ਅਹਾਤੇ ਐਲ-14ਏ ਅਤੇ ਐਲ-2 ਠੇਕਿਆਂ ਨਾਲ ਸਬੰਧਿਤ ਹੋਣਗੇ ਉਨਾਂ ਤੇ ਆਈ.ਐਮ.ਐਫ.ਐਲ. ਦੇ ਠੇਕੇ ਤੇ ਲੱਗਣ ਵਾਲੀਆਂ ਫੀਸਾਂ ਹੀ ਲਾਗੂ ਹੋਣਗੀਆਂ। ਅਹਾਤਿਆਂ ਦੇ ਲੰਸਸ ਐਲ-52 ਨੂੰ ਪੰਜਾਬ ਇੰਟੋਕਿਸੀਕੈਂਟ ਲੰਸਸ ਤੇ ਸੇਲ ਆਰਡਰ, 1956 ਦੀ ਮੱਦ 8 ਤੋ 14 ਦੀ ਛੋਟ ਹੋਵੇਗੀ।

2.37. **ਪਰਚੂਨ ਵਿੱਚ ਵਿਕਰੀ ਰੇਟ** :-ਹਰ ਸਾਲ ਦੀ ਆਬਕਾਰੀ ਨੀਤੀ ਵਿੱਚ ਦੇਸੀ ਅਤੇ ਅੰਗਰੇਜ਼ੀ ਸ਼ਰਾਬ ਦੀ ਪ੍ਰਚੂਨ ਵਿਕਰੀ ਦੇ ਘੱਟੋ-ਘੱਟ ਰੇਟ ਫਿਕਸ ਕੀਤੇ ਜਾਂਦੇ ਹਨ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਠੇਕੇਦਾਰ ਇੱਕ-ਦੂਜੇ ਨਾਲ price war ਵਿੱਚ ਨਾ ਪੈਣ ਅਤੇ ਸਰਕਾਰ ਦਾ ਮਾਲੀਆ ਸੁਰੱਖਿਅਤ ਰਹੇ। ਇਹ ਮਿਨਿਮਮ ਰਿਟੇਲ ਪ੍ਰਾਈਸ ਸਰਕਾਰ ਵੱਲੋਂ ਵੱਖ-2 ਲੈਵੀਜ ਅਤੇ ਹੋਰ ਸਬੰਧਤ ਤੱਥਾਂ ਨੂੰ ਧਿਆਨ ਵਿੱਚ ਰੱਖਕੇ ਨਿਰਧਾਰਿਤ ਕੀਤੇ ਜਾਂਦੇ ਹਨ। ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਦੇਸੀ ਸ਼ਰਾਬ ਅਤੇ ਅੰਗਰੇਜ਼ੀ ਸ਼ਰਾਬ ਦੇ ਵੱਖ-2 ਬਰਾਂਡਾਂ ਲਈ ਅਤੇ ਬੀਅਰ ਦੀ ਮੀਨੀਮਮ ਰਿਟੇਲ ਪ੍ਰਾਈਸ ਨਿਰਧਾਰਿਤ ਕਰ ਦਿੱਤੀ ਗਈ ਹੈ। ਪੰਜਾਬ ਵਿੱਚ ਵਿਕਣ ਵਾਲੇ ਅੰਗਰੇਜ਼ੀ ਸ਼ਰਾਬ ਦੇ ਪ੍ਰਮੁੱਖ ਬਰਾਂਡ, ਬੀਅਰ ਅਤੇ ਦੇਸੀ ਸ਼ਰਾਬ

ਦੇ 50 ਡਿਗਰੀ, 65 ਡਿਗਰੀ ਅਤੇ 75 ਡਿਗਰੀ ਲਈ ਪ੍ਰਤੀ ਬੋਤਲ ਤਜਵੀਜ਼ਤ ਮੀਨੀਮਮ ਰਿਟੇਲ ਪ੍ਰਾਈਸ (ਐਮ.ਆਰ.ਪੀ.) ***ਅਨੁਲੱਗ– 'ਅ'*** ਤੇ ਹੈ। ਜਿਹੜੇ ਬਰਾਂਡ ਇਸ ਅਨੁੱਲਗ ਵਿੱਚ ਕਵਰ ਨਹੀਂ ਹੁੰਦੇ ਹਨ, ਉਨ੍ਹਾਂ ਦੀ ਐਮ.ਆਰ.ਪੀ. ਇਸ ਅਨੁਲੱਗ ਵਿੱਚ ਅਪਣਾਏ ਫਾਰਮੂਲੇ ਅਨੁਸਾਰ ਨਿਰਧਾਰਿਤ ਕਰ ਦਿੱਤੀ ਜਾਵੇਗੀ। ਠੇਕੇਦਾਰ ਲਈ ਇਹ ਲਾਜਮੀ ਹੋਵੇਗਾ ਕਿ ਉਹ ਆਪਣੇ ਠੇਕੇ ਤੇ **ਅਨੁਲੱਗ 'ਅ'** ਵਿੱਚ ਦਿੱਤੇ ਬਰਾਂਡਾਂ ਦੇ ਰੇਟ ਉੱਘੇ ਤੌਰ ਤੇ ਡਿਸਪਲੇ ਕਰੇ। ਇਸ ਤੋਂ ਇਲਾਵਾ, ਸਮੇਂ–2 ਤੇ ਲੜ ਅਨੁਸਾਰ, ਜੇ ਆਬਕਾਰੀ ਤੇ ਕਰ ਕਮਿਸ਼ਨਰ ਮਹਿਸੂਸ ਕਰਦੇ ਹਨ ਤਾਂ ਓਹ ਹੋਰ ਕਿਸੇ ਬਰਾਂਡ ਦੀ ਡਿਸਪਲੇ ਲਈ ਹਦਾਇਤਾਂ ਜਾਰੀ ਕਰ ਸਕਣਗੇ। **ਅਨੁਲੱਗ 'ਅ'** ਵਿੱਚ ਦਰਸਾਈ ਐਮ.ਆਰ.ਪੀ. ਲਾਗੂ ਹੋਵੇਗੀ।

2.38. **ਮਾਰਕੀਟ ਰੇਟਾਂ ਤੇ ਨਿਯੰਤਰਣ** – ਕਈ ਵਾਰ ਵੱਖ–2 ਜੋਨਾਂ ਗਰੁਪਾਂ ਦੇ ਠੇਕੇਦਾਰ ਸ਼ਰਾਬ ਦੇ ਰੇਟ ਕਾਫੀ ਵਧਾ ਦਿੰਦੇ ਹਨ। ਇਸ ਨੂੰ ਰੋਕਣ ਲਈ ਵਿਭਾਗ ਵਿੱਚ ਇੱਕ ਪ੍ਰਾਈਸ ਮੋਨੀਟਰਿੰਗ ਸੈੱਲ ਸਥਾਪਿਤ ਕੀਤਾ ਜਾਵੇਗਾ। ਜੇਕਰ ਇਹ ਪ੍ਰਾਈਸ ਮੋਨੀਟਰਿੰਗ ਸੈਲ ਮਹਿਸੂਸ ਕਰਦਾ ਹੈ ਕਿ ਕਿਸੇ ਜਿਲੇ ਦੇ ਕਿਸੇ ਗਰੁੱਪ ਵਿੱਚ ਸ਼ਰਾਬ ਬੇਲੋੜੀ ਮਹਿੰਗੀ ਵੇਚੀ ਜਾ ਰਹੀ ਹੈ ਤਾਂ ਇਸ ਗਰੁੱਪ ਦੀ ਸਿਫਾਰਸ ਤੇ ਆਬਕਾਰੀ ਤੇ ਕਰ ਕਮਿਸ਼ਨਰ ਵੱਲੋ ਉਸ ਜਿਲੇ/ਗਰੁਪ ਵਿੱਚ ਵਿਕਣ ਵਾਲੀ ਸ਼ਰਾਬ ਦੇ ਕਿਸੇ ਵੀ ਬਰਾਂਡ ਦੇ ਵੱਧ ਤੋਂ ਵੱਧ ਰੇਟ ਨਿਰਧਾਰਤ ਕੀਤੇ ਜਾ ਸਕਣਗੇ। ਇਹਨਾਂ ਹੁਕਮਾਂ ਦੀ ਪਹਿਲੀ ਉਲੰਘਣਾ ਤੇ 1 ਲੱਖ ਰੁਪਏ ਦਾ ਜੁਰਮਾਨਾ ਹੋਵੇਗਾ, ਦੂਜੀ ਉਲਘੰਣਾ ਤੇ 5 ਲੱਖ ਰੁਪਏ ਦਾ ਜੁਰਮਾਨਾ ਹੋਵੇਗਾ ਅਤੇ ਤੀਜੀ ਉਲਘੰਣਾ ਤੇ ਵੈਂਡ ਦਾ ਲਾਇੰਸਸ ਕੈਂਸਲ ਕਰ ਦਿੱਤਾ ਜਾਵੇਗਾ।

2.39. **ਮੈਰਿਜ ਪੈਲਿਸ ਵਿੱਚ ਵਿਕਰੀ ਦੇ ਰੇਟ**:– ਆਮ ਤੋਰ ਤੇ ਠੇਕੇਦਾਰ ਮੈਰਿਜ ਪੈਲਿਸਜ ਵਿੱਚ ਵਿਕਣ ਵਾਲੀ ਸ਼ਰਾਬ ਦੇ ਕਾਫੀ ਜਿਆਦਾ ਰੇਟ ਚਾਰਜ ਕਰਦੇ ਹਨ ਜਿਸ ਨਾਲ ਪਬਲਿਕ ਵਿੱਚ ਸਰਕਾਰ ਦਾ ਅਕਸ ਖਰਾਬ ਹੁੰਦਾ ਹੈ। ਇਸ ਲਈ ਉਪਰੋਕਤ ਪੈਰਾ ਵਿੱਚ ਦਰਸਾਏ ਮਿਨਿਮਮ ਰਿਟੇਲ ਪ੍ਰਾਈਸ ਨੂੰ ਧਿਆਨ ਵਿੱਚ ਰੱਖਦੇ ਹੋਏ ***ਅਨੁਲੱਗ 'ੲ'*** ਤੇ ਪ੍ਰਮੁੱਖ ਬਰਾਂਡਾਂ ਦੇ ਪੇਟੀ ਦੇ ਰੇਟ ਨਿਰਧਾਰਿਤ ਕੀਤੇ ਗਏ ਹਨ। ਠੇਕੇਦਾਰ ਲਈ ਇਹ ਲਾਜਮੀ ਹੋਵੇਗਾ ਕਿ ਐਲ–50–ਏ ਪਰਮਿਟਾਂ ਵਿਰੁੱਧ ਵਿਕਣ ਵਾਲੀ ਸ਼ਰਾਬ ਇਨ੍ਹਾਂ ਰੇਟਾਂ ਤੋਂ ਵੱਧ ਤੇ ਨਾ ਵੇਚੇ। ਇਹ ਰੇਟ ਵਿਭਾਗ ਦੀ ਵੈੱਬਸਾਈਟ ਤੇ ਪਾ ਦਿੱਤੇ ਜਾਣਗੇ। ਇਸਤੋਂ ਇਲਾਵਾ ਜਦਂ ਵੀ ਕੋਈ ਵਿਅਕਤੀ ਵਿਭਾਗ ਤੋਂ ਐਲ–50–ਏ ਪਰਮਿਟ ਲੈਣ ਆਉਦਾ ਹੈ ਤਾਂ ਉਸਨੂੰ ਇਹ ਲਿਸਟ ਦੇ ਦਿੱਤੀ ਜਾਵੇਗੀ। ਜੇਕਰ ਕੋਈ ਬਰਾਂਡ ***ਅਨੁਲੱਗ 'ੲ'*** ਦੀ ਲਿਸਟ ਵਿੱਚੋਂ ਰਹਿ ਗਏ ਹੋਣਗੇ, ਤਾਂ ਉਨ੍ਹਾਂ ਦੀ ਕੀਮਤ ਆਬਕਾਰੀ ਤੇ ਕਰ ਕਮਿਸਨਰ, ਪੰਜਾਬ ਵੱਲੋਂ ਨਿਰਧਾਰਿਤ ਕਰ ਦਿੱਤੀ ਜਾਵੇਗੀ।

ਪਿਛਲੇ ਸਾਲ ਦੀ ਆਬਕਾਰੀ ਨੀਤੀ ਵਾਂਗ ਹੀ ਐਲ-50-ਏ ਪਰਮਿਟਧਾਰਕ ਜਿਸ ਆਬਕਾਰੀ ਸਰਕਲ ਵਿੱਚ ਮੈਰਿਜ ਪੈਲਿਸ ਸਥਿਤ ਹੈ, ਉਸ ਆਬਕਾਰੀ ਸਰਕਲ ਦੇ ਕਿਸੇ ਵੀ ਐਲ-2 ਵੈਂਡ ਤੋਂ ਖਰੀਦ ਸਕੇਗਾ। ਜੇਕਰ ਕੋਈ ਲਾਇਸੰਸੀ ਇਨ੍ਹਾਂ ਰੇਟਾਂ ਤੋਂ ਵੱਧ ਤੇ ਸ਼ਰਾਬ ਵੇਚਦਾ ਪਾਇਆ ਜਾਂਦਾ ਹੈ ਤਾਂ ਉਸਤੇ ਇੱਕ ਲੱਖ ਰੁਪਏ ਜੁਰਮਾਨਾ ਲੱਗੇਗਾ। ਦੂਜੀ ਵਾਰ ਇਸ ਉਪਬੰਧ ਦੀ ਉਲੰਘਣਾ ਤੇ ਜੁਰਮਾਨਾ ਦੁੱਗਣਾ ਹੋ ਜਾਵੇਗਾ ਅਤੇ ਤੀਜੀ ਉਲੰਘਣਾ ਤੇ ਉਸ ਦੀ ਵੈਂਡ ਇੱਕ ਮਹੀਨੇ ਲਈ ਬੰਦ ਕਰ ਦਿੱਤੀ ਜਾਵੇਗੀ। **ਅਨੁਲੱਗ 'ਏ'** ਵਿੱਚ ਦਰਸਾਏ ਰੇਟ ਲਾਗੂ ਹੋਣਗੇ।

2.40. **ਨਵੇ ਬਰਾਂਡਾਂ ਦੀ ਐਮ.ਆਰ.ਪੀ. ਨਿਰਧਾਰਤ ਕਰਨ ਸਬੰਧੀ:-** ਸਾਲ ਦੌਰਾਨ ਡਿਸਟਿਲਰੀਆਂ/ਐਲ-1 ਲਾਇਸੰਸੀਆਂ ਵਲੋਂ ਅਲੱਗ-ਅਲੱਗ ਸਾਈਜ ਦੀਆਂ ਬੋਤਲਾਂ/ਕੰਟੇਨਰਾਂ ਦੀ ਐਮ.ਆਰ.ਪੀ ਪ੍ਰਵਾਨ ਕਰਾਉਣ ਲਈ ਬੇਨਤੀਆਂ ਕੀਤੀਆਂ ਜਾਂਦੀਆਂ ਹਨ। ਵਿਭਾਗ ਵਲੋਂ 750 ਐਮ.ਐਲ, 375 ਐਮ.ਐਲ ਅਤੇ 180 ਐਮ.ਐਲ ਦੀ ਐਮ.ਆਰ.ਪੀ ਹੀ ਪ੍ਰਵਾਨ ਕੀਤੀ ਜਾਂਦੀ ਹੈ। ਜੇਕਰ ਕਿਸੀ ਡਿਸਟਿਲਰੀ/ਐਲ-1 ਵਲੋਂ ਅਲੱਗ ਸਾਈਜ ਦੀ ਬੋਤਲ/ਕੰਟੇਨਰ ਦੀ ਐਮ.ਆਰ.ਪੀ ਫਿਕਸ ਕਰਨ ਦੀ ਬੇਨਤੀ ਪ੍ਰਾਪਤ ਹੁੰਦੀ ਹੈ ਤਾਂ ਵਿਭਾਗ ਨੂੰ ਉਨ੍ਹਾਂ ਬਰਾਂਡਾਂ ਅਤੇ ਉਨ੍ਹਾਂ ਸ੍ਰੇਣੀਆਂ ਦੇ ਰੇਟਾਂ ਦੀ ਪ੍ਰਵਾਨਗੀ ਦੇਣੀ ਪੈਂਦੀ ਹੈ। ਆਬਕਾਰੀ ਤੇ ਕਰ ਕਮਿਸ਼ਨਰ ਨੂੰ ਇਨ੍ਹਾਂ ਬੋਤਲਾਂ/ ਕੰਟੇਨਰਾਂ ਦੇ ਆਕਾਰ ਤੇ ਆਧਾਰਤ 750 ਐਮ.ਐਲ, 375 ਐਮ.ਐਲ ਅਤੇ 180 ਐਮ.ਐਲ ਦੀ ਫਿਕਸ ਕੀਤੀ ਐਮ.ਆਰ.ਪੀ. ਦੇ ਹਿਸਾਬ ਨਾਲ ਸਾਲ ਦੌਰਾਨ ਐਮ.ਆਰ.ਪੀ ਨਿਸ਼ਚਿਤ ਕਰਨਗੇ।

2.41. **ਉਚੰਤੀ ਸੇਲ:-** ਇਹ ਵੇਖਿਆ ਗਿਆ ਹੈ ਕਿ ਕਿਸੇ ਵੀ ਗਰੁਪ ਦਾ ਜੋ ਕੋਟਾ ਵਿਭਾਗ ਵੱਲੋਂ Administratively ਨਿਰਧਾਰਤ ਕੀਤਾ ਜਾਂਦਾ ਹ, ਉਸ ਦੀ ਪੂਰੀ ਖਪਤ ਨਹੀਂ ਹੁੰਦੀ। ਕਿਸੇ ਗਰੁੱਪ ਵਿੱਚ ਖਪਤ ਵੱਧ ਹੁੰਦੀ ਹੈ ਅਤੇ ਕਿਸੇ ਗਰੁੱਪ ਵਿੱਚ ਖਪਤ ਘੱਟ ਹੁੰਦੀ ਹੈ, ਇਸ ਕਰਕੇ ਠੇਕੇਦਾਰ ਇੱਕ ਦੂਜੇ ਤੋਂ ਮਾਲ ਖਰੀਦਦੇ ਵੇਚਦੇ ਰਹਿੰਦੇ ਹਨ। ਠੇਕੇਦਾਰਾਂ ਦੀ ਭਾਸਾ ਵਿੱਚ ਇਸ ਨੂੰ ਉਚੰਤੀ ਕਿਹਾ ਜਾਂਦਾ ਹੈ। ਪਿਛਲੇ ਸਾਲ ਦੀ ਆਬਕਾਰੀ ਨੀਤੀ ਵਿੱਚ ਆਬਕਾਰੀ ਐਕਟ ਵਿੱਚ ਧਾਰਾ 61 ਨੂੰ ਸੋਧ ਕੇ ਬਹੁਤ ਸਖਤ ਬਣਾ ਦਿੱਤਾ ਗਿਆ ਹੈ। ਇਸ ਦਾ ਮੰਤਵ ਤਾਂ ਨਜਾਇਜ ਸ਼ਰਾਬ ਦੇ ਉਤਪਾਦਨ ਅਤੇ ਸੇਲ ਤੇ ਠੱਲ ਪਾਉਣਾ ਸੀ, ਪ੍ਰੰਤੂ ਠੇਕੇਦਾਰਾਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਕਈ ਵਾਰ ਲੈਵੀ-ਪੇਡ ਦੀ ਉਚੰਤੀ ਸੇਲ ਉਤੇ ਵੀ ਪੁਲਿਸ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ। ਇਸ ਨਾਲ ਠੇਕੇਦਾਰਾਂ ਨੂ ਬੇਵਜ੍ਹਾ ਪਰੇਸਾਨੀ ਹੁੰਦੀ ਹੈ। ਪੰਜਾਬ ਵਿੱਚ ਸਾਲ ਦੌਰਾਨ ਵਿਕਨ ਵਾਲੇ ਦੇਸੀ ਸ਼ਰਾਬ ਦਾ ਸਲਾਨਾ ਕੋਟਾ ਭਿੰਨ-2 ਠੇਕਿਆਂ ਲਈ ਨਿਰਧਾਰਤ ਕੀਤਾ ਜਾਂਦਾ ਹੈ ਜਿਸ ਦੇ ਆਧਾਰ ਤੇ ਲਾਇਸੰਸ ਫੀਸ ਦੀ ਵਸੂਲੀ ਕੀਤੀ ਜਾਂਦੀ ਹੈ। ਠੇਕਿਆਂ ਉਤੇ ਸ਼ਰਾਬ ਦੀ ਹੋਣ ਵਾਲੀ ਵਿਕਰੀ ਨਿਰਧਾਰਤ ਕੋਟੇ ਤੋਂ ਭਿੰਨ ਹੋਣ

ਕਾਰਨ ਠੇਕੇਦਾਰ ਇਸ ਨੂੰ ਉਚੰਤੀ ਦੇ ਰੂਪ ਵਿੱਚ ਵੇਚਦੇ ਜਾਂ ਖਰੀਦਦੇ ਹਨ। ਠੇਕੇਦਾਰਾਂ ਦਰਮਿਆਨ ਪ੍ਰਚਲਿਤ ਉਚੰਤੀ ਦੀ ਪ੍ਰਣਾਲੀ ਸ਼ਰਾਬ ਦੇ ਕਾਰੋਬਾਰ ਦਾ ਇੱਕ ਅਭਿੰਨ ਅੰਗ ਹੈ। ਇਸ ਪ੍ਰਣਾਲੀ ਦੁਆਰਾ ਸ਼ਰਾਬ ਦੇ ਕਾਰੋਬਾਰ ਵਿੱਚ ਸੰਤੁਲਣ ਵਾਲੀ ਸਥਿਤੀ ਪੈਦਾ ਹੁੰਦੀ ਹੈ ਅਤੇ ਆਉਣ ਵਾਲੇ ਸਮੇਂ ਲਈ ਵਿਭਾਗ ਦੁਆਰਾ ਠੇਕਿਆਂ ਉਤੇ ਕੋਟਾ ਨਿਰਧਾਰਤ ਕਰਨ ਲਈ ਲਾਹੇਵੰਦ ਸਾਬਤ ਹੁੰਦੀ ਹੈ। ਠੇਕੇਦਾਰਾਂ ਦੀ ਮੰਗ ਤੇ ਵਿਚਾਰ ਕਰਨ ਉਪਰੰਤ ਵਿਭਾਗ ਦੀ ਰਾਏ ਹੈ ਕਿ ਸਾਲ 2014-15 ਦੀ ਆਬਕਾਰੀ ਨੀਤੀ ਵਿੱਚ ਠੇਕੇਦਾਰਾਂ ਦੁਆਰਾ ਉਚੰਤੀ ਦੇ ਤੌਰ ਤੇ ਖਰੀਦੀ ਜਾਂ ਵੇਚੀ ਜਾਣ ਵਾਲੀ ਦੇਸੀ ਸ਼ਰਾਬ ਨੂੰ ਕਾਨੂੰਨੀ ਤੌਰ ਤੇ ਮਾਨਤਾ ਦੇ ਦਿੱਤੀ ਗਈ । ਇਸ ਮੰਤਵ ਦੀ ਪਰਤੀ ਲਈ ਠੇਕੇਦਾਰ ਨੂੰ ਆਪਣੇ ਦੇਸੀ ਸ਼ਰਾਬ ਦੇ ਕੋਟੇ ਦੀ 20% ਤੱਕ ਦੀ ਸ਼ਰਾਬ ਨੂੰ ਵੇਚਣ ਜਾਂ ਖਰੀਦਣ ਦਾ ਅਧਿਕਾਰ ਦੇ ਦਿੱਤਾ ਗਿਆ। ਠੇਕੇਦਾਰ ਇਹ ਕੋਟਾ L-14A ਠੇਕੇਦਾਰ ਨੂੰ ਵੇਚ ਸਕੇਗਾ। ਠੇਕੇਦਾਰਾਂ ਵੱਲੋਂ ਇਹ ਸੇਲ ਪਰਚੇਜ ਆਪਣੇ ਲਾਇਸੰਸ ਦੀਆਂ ਸ਼ਰਤਾਂ ਦੀ ਪਾਲਣਾ ਕਰਦੇ ਹੋਏ ਸਾਲ ਦੌਰਾਨ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਵਿਕਰੀ ਕਰਨ ਵਾਲੇ ਠੇਕੇਦਾਰ ਦੀ ਇਸ ਵੇਚੇ ਜਾਣ ਵਾਲੇ ਕੋਟੇ ਤੇ ਬਣਦੀਆਂ ਕੁੱਲ ਆਬਕਾਰੀ ਲੈਵੀਆਂ ਦੇਣ ਦੀ ਜੁੰਮੇਵਾਰੀ ਹੈ ਅਤੇ ਖਰੀਦਣ ਵਾਲੇ L-14A ਠੇਕੇਦਾਰ ਤੋਂ ਹੋਰ ਕੋਈ ਵਾਧੂ ਆਬਕਾਰੀ ਲੈਵੀਆਂ ਨਹੀਂ ਲਈਆਂ ਗਈਆਂ।

ਇਸ ਮੰਤਵ ਲਈ ਵੇਚਣ ਅਤੇ ਖਰੀਦਣ ਵਾਲੇ ਠੇਕੇਦਾਰ ਇੱਕ ਸਾਂਝੀ ਦਰਖਾਸਤ ਵੇਚਣ ਵਾਲੇ ਜਿਲੇ ਦੇ ਆਬਕਾਰੀ ਤੇ ਕਰ ਅਫਸਰ (ਆਬਕਾਰੀ) ਨੂੰ ਦਿੰਦੇ ਹਨ। ਇਸ ਦਰਖਾਸਤ ਦੇ ਅਧਾਰ ਤੇ ਵੇਚਣ ਵਾਲੇ ਜਿਲੇ ਦੇ ਆਬਕਾਰੀ ਤੇ ਕਰ ਅਫਸਰ ਵੱਲੋਂ ਖਰੀਦਣ ਵਾਲੇ ਠੇਕੇਦਾਰ ਦੇ ਜਿਲੇ ਦੇ ਐਲ-13 ਦੇ ਨਾਮ ਤੇ ਪਰਮਿਟ ਜਾਰੀ ਕੀਤਾ ਜਾਂਦਾ ਹੈ। ਇਸ ਪਰਮਿਟ ਦੇ ਅਧਾਰ ਦੇ ਖਰੀਦਣ ਵਾਲਾ ਲਸੰਸੀ ਆਪਣੇ ਜਿਲੇ ਦੇ ਐਲ-13 ਤੋਂ ਦੇਸੀ ਸ਼ਰਾਬ ਚੁੱਕ ਸਕਦਾ ਹੈ। ਜੇਕਰ ਖਰੀਦਣ ਵਾਲੇ ਜਿਲੇ ਵਿੱਚ ਖਰੀਦਦਾਰ ਦੀ ਪਸੰਦ ਦਾ ਬਰਾਂਡ ਦਾ ਐਲ-13 ਨਹੀਂ ਹੈ ਤਾਂ ਉਹ ਵੇਚਣ ਵਾਲੇ ਲਸੰਸੀ ਦੇ ਜਿਲੇ ਵਿਚੋਂ ਹੀ ਉਕਤ ਪਰਮਿਟ ਦੇ ਵਿਰੁੱਧ ਮਾਲ ਖਰੀਦ ਕੇ ਆਪਣੇ ਠੇਕਿਆਂ ਤੇ ਲਿਜਾ ਸਕਦਾ ਹੈ। ਸਾਲ 2015-16 ਲਈ ਵੀ ਇਹੀ ਪ੍ਰੋਵੀਜਨ ਲਾਗੂ ਰਹਿਣਗੇ।

2.42. **D-2 ਅਤੇ B-1 ਲਾਇਸੰਸ ਦੀ ਨਵਕ੍ਰਿਤੀ ਵਿੱਤੀ ਸਾਲ ਤੇ ਅਧਾਰਿਤ ਕਰਨ ਬਾਰੇ:-**

ਸਾਲ 2014-15 ਵਿੱਚ ਇਹ ਪ੍ਰੋਵੀਜਨ ਸੀ ਕਿ ਸਾਰੇ ਹੀ D-2 ਅਤੇ B-1 ਲਾਇਸੰਸਾਂ ਦੀ ਨਵਕ੍ਰਿਤੀ ਵਿੱਤੀ ਸਾਲ ਤੇ ਅਧਾਰਤ ਕਰ ਦਿੱਤੀ ਸੀ। ਇਸ ਨਾਲ ਆਬਕਾਰੀ ਨੀਤੀ ਅਤੇ ਲਾਇਸੰਸਾਂ ਦੀ ਨਵਕ੍ਰਿਤੀ ਦੇ ਸਮੇਂ ਵਿਚ ਇੱਕਸਾਰਤਾ ਆ ਜਾ ਗਈ। ਕੋਈ ਵੀ ਨਵਾਂ ਡੀ-2 ਜਾਂ ਬੀ-1 ਲਾਇਸੰਸ ਜਾਰੀ ਹੋਣ ਦੀ ਮਿਤੀ ਤੋਂ 31 ਮਾਰਚ ਤੱਕ ਸੀ ਅਤੇ ਅੱਗੇ ਤੋਂ ਇਸ ਦੀ

ਨਵਕ੍ਰਿਤੀ ਵਿੱਤੀ ਸਾਲ ਤੇ ਅਧਾਰਤ ਕੀਤੀ ਗਈ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਲਾਇਸੰਸ ਵਿੱਤੀ ਸਾਲ ਦੌਰਾਨ ਜਾਰੀ ਹੁੰਦਾ ਹੈ ਤਾਂ ਉਸ ਤੇ ਪੂਰੇ ਸਾਲ ਦੀ ਲਾਇਸੰਸ ਫੀਸ ਭਰਨੀ ਹੋਵੇਗੀ।

2.43. **ਸੀਕਿਊਰੀਟੀ ਲੇਬਲ ਅਤੇ ਹਲੋਗ੍ਰਾਮ**:-ਸਾਲ 2015-16 ਦੋਰਾਨ ਦੇਸੀ ਸਰਾਬ, ਅੰਗਰੇਜੀ ਸਰਾਬ ਅਤੇ ਬੀਅਰ ਦੀਆਂ ਬੋਤਲਾਂ ਤੇ ਸਕਿਓਰਟੀ ਲੇਬਲ ਅਤੇ ਹੋਲੋਗਰਾਮ ਲਾਏ ਜਾਣ ਦਾ ਪ੍ਰੋਵੋਜਨ ਲਾਗੂ ਰਹੇਗਾ।

2.44. **ਸੀ.ਸੀ.ਟੀ.ਵੀ. ਕੈਮਰੇ**:- ਮੌਜੂਦਾ ਸਮੇ ਵਿਚ ਪੀ.ਐਮ.ਐਲ, ਆਈ.ਐਮ.ਐਫ. ਐਲ, ਬੀਅਰ , ਰੈਕਟੀਫਾਈਡ ਸਪਿਰਟ ਅਤੇ ਐਕਸਟਰਾ ਨਿਊਟਰਲ ਅਲਕੋਹਲ (ਈ.ਐਨ.ਏ) ਆਦਿ ਦੀ ਗਤੀਵਿਧੀ ਦਾ ਨਿਰੀਖਣ ਕਰਨ ਲਈ ਸਾਰੀਆਂ ਡਿਸਟੀਲਰੀਆਂ , ਬਰੀਵਰੀਆਂ ਅਤੇ ਬਾਟਲਿੰਗ ਪਲਾਂਟਾ ਵਿਚ ਸੀ.ਸੀ.ਟੀ.ਵੀ ਕੈਮਰੇ ਲਗਾਏ ਗਏ ਹਨ। ਸਾਲ 2015-16 ਦੋਰਾਨ ਵੀ ਇਹੀ ਪ੍ਰੋਵੀਜਨ ਰੱਖਿਆ ਗਿਆ ਹੈ।

2.45. **ਮਾਈਕਰੋ ਬਰੀਵਰੀ** :

ਸਾਲ 2015-16 ਦੋਰਾਨ ਮਾਈਕਰੋ ਬਰੀਵਰੀਆਂ ਨੂੰ 50 ਲੀਟਰ ਤੱਕ ਦੇ ਕੈੱਗਜ ਵਿੱਚ ਬੀਅਰ ਪੱਬ ਬਾਰ ਲਸੰਸ ਐਲ-5ਬੀ, ਮਾਡਲ ਦੁਕਾਨਾਂ ਐਲ-2, ਐਲ-12ਸੀ, ਐਲ-3, ਐਲ-4 ਅਤੇ ਐਲ-5, ਐਲ-3ਏ, ਐਲ-4ਏ ਅਤੇ ਐਲ-5ਏ ਜਿਹਨਾਂ ਕੋਲ ਫਾਰਮ ਐਲ-5 ਬੀ ਵਿਚ ਸਪਲੀਮੈਂਟਰੀ ਲਸੰਸ ਹੋਵੇ ਨੂੰ ਸੇਲ ਕਰਨ ਲਈ ਆਬਕਾਰੀ ਪਰਮਿਟ ਦੇ ਵਿਰੁੱਧ ਆਗਿਆ ਦਿੱਤੀ ਜਾਵੇਗੀ। ਮਾਈਕਰੋ ਬਰੀਵਰੀ ਵਲੋ ਉਤਪਾਦਤ ਕੀਤੀ ਜਾ ਰਹੀ ਡਰੋਟ ਬੀਅਰ ਤੇ ਲੱਗਣ ਵਾਲੀ ਅਸੈਸਡ ਫੀਸ ਨੂੰ 35 ਰੁਪਏ ਤੋਂ ਵਧਾ ਕੇ 40/-ਰੁਪਏ ਪ੍ਰਤੀ ਬਲਕ ਲੀਟਰ ਕੀਤਾ ਗਿਆ ਹੈ। ਇਹ ਅਸੈਸਡ ਫੀਸ ਐਲ-5 ਬੀ ਹੋਲਡਰਾਂ ਵਲੋਂ ਪਰਮਿਟ ਲੈਣ ਸਮੇਂ ਅਦਾ ਕੀਤੀ ਜਾਣ ਵਾਲੀ ਅਸੈਸਡ ਫੀਸ ਤੋਂ ਇਲਾਵਾ ਹੋਵੇਗੀ।

2.46. **ਡੀ-2 ਲਸੰਸੀ ਲਈ ਲੀਜਿੰਗ/ਸਬ ਲੀਜਿੰਗ** : ਬਾਟਲਿੰਗ ਪਲਾਂਟਸ ਨੂੰ ਲੀਜਿੰਗ/ਸਬ-ਲੀਜਿੰਗ ਦੀ ਇਜਾਜ਼ਤ ਹੈ, ਪ੍ਰੰਤੂ ਡਿਸਟਿਲਰੀਆਂ ਨੂੰ ਨਹੀਂ ਹੈ। ਇਸ ਲਈ ਇਕਸਾਰਤਾ ਲਿਆਉਣ ਲਈ ਬਾਟਲਿੰਗ ਪਲਾਂਟ ਦੀ ਤਰ੍ਹਾਂ ਡਿਸਟਿਲਰੀਆਂ ਨੂੰ ਵੀ ਲੀਜਿੰਗ/ਸਬ-ਲੀਜਿੰਗ ਦੀ ਆਗਿਆ ਦੇ ਦਿੱਤੀ ਗਈ ਹੈ। ਲੀਜਿੰਗ/ ਸਬ ਲੀਜਿੰਗ ਵੇਲੇ ਲੀਜ/ਸਬ ਲੀਜ ਲੈਣ ਵਾਲੇ ਨੂੰ ਨਵੇਂ ਬਾਟਲਿੰਗ ਪਲਾਂਟ ਜਿੰਨੀ ਫੀਸ ਜਮਾਂ ਕਰਵਾਉਣੀ ਹੋਵੇਗੀ।

2.47. **ਡਿਸਟਿਲਰੀ ਦੇ ਪੱਧਰ ਤੇ ਇੰਮਪੋਰਟ ਪਰਮਿਟ ਜਾਰੀ ਕਰਨ ਬਾਰੇ**: ਆਬਕਾਰੀ ਤੇ ਕਰ ਅਫਸਰ ਡਿਸਟਿਲਰੀ ਦੇ ਇੰਚਾਰਜ ਨੂੰ ਡਿਸਟਿਲਰੀ ਵਿੱਚ ਸ਼ਰਾਬ ਤਿਆਰ ਕਰਨ ਅਤੇ

ਬਲੈਡਿੰਗ ਵਾਸਤੇ ਵਰਤੀ ਜਾਣ ਵਾਲੀ ਸਪਿਰਟ ਨੂੰ ਇੰਮਪੋਰਟ/ਟਰਾਂਸਪੋਰਟ ਦੇ ਪਰਮਿਟ ਜਾਰੀ ਕਰਨ ਦੇ ਅਧਿਕਾਰ ਦੇ ਦਿੱਤੇ ਗਏ ਹਨ। ਪ੍ਰੰਤੂ ਇਹ ਪਰਮਿਟ ਉਹ ਜਿਲੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਦੀ ਲਿਖਤੀ(ਈ.ਮੇਲ./ਫੈਕਸ ਰਾਹੀਂ) ਸਹਿਮਤੀ ਉਪਰੰਤ ਹੀ ਦੇਣਗੇ।

2.48. **ਅਣ ਵਿਕੇ ਸ਼ਰਾਬ ਦੇ ਸਟਾਕ/ਕੋਟੇ ਨੂੰ ਅਗਲੇ ਵਿੱਤੀ ਸਾਲ ਵਿੱਚ ਕੈਰੀਫੋਰਵਰਡ ਕਰਨ ਬਾਰੇ** : ਹਰ ਸਾਲ ਲਾਇੰਸੀਆਂ ਦਾ ਕੁਝ ਨਾ ਕੁਝ ਕੋਟਾ ਬੱਚ ਜਾਂਦਾ ਹੈ ਜੋ ਕਿ ਉਹ ਲੁਕਾ ਛੁਪਾ ਕੇ ਅਗਲੇ ਸਾਲ ਵਿੱਚ ਕੈਰੀਫਾਰਵਡ ਕਰ ਲੈਂਦੇ ਹਨ ਅਤੇ ਵੇਚ ਦਿੰਦ ਹਨ। ਇਸ ਕੈਰੀਫਾਰਵਡ ਕੋਟੇ ਨਾਲ ਮਾਰਕੀਟ ਵਿਚ ਡਿਸਟਾਂਰਸਨ ਆਉਂਦੀ ਹੈ। ਇਸ ਕਰੀਫਵਾਰਡ ਕੋਟੇ ਤੇ ਸਰਕਾਰ ਨੂੰ ਕੋਈ ਮਾਲੀਆ ਵੀ ਪ੍ਰਾਪਤ ਨਹੀਂ ਹੁੰਦਾ। ਸਾਲ 2013-14 ਵਿੱਚ ਵਿਭਾਗ ਵਲੋਂ ਕੁਝ ਲਸੰਸੀਆ ਤੋਂ ਸ਼ਰਾਬ ਦਾ ਕੈਰੀਫਾਰਵਡ ਕੀਤਾ ਜਾ ਰਿਹਾ ਕੋਟਾ ਡਿਕਲੇਅਰ ਕਰਵਾਇਆ ਗਿਆ। ਇਸ ਕੋਟੇ ਤੇ ਲਸੰਸੀਆ ਨੇ ਸਾਲ 2013-14 ਦੀ ਆਬਕਾਰੀ ਨੀਤੀ ਅਨੁਸਾਰ ਬਣਦੀ ਲਸੰਸ ਫੀਸ ਅਤੇ ਲੈਵੀਜ਼ ਅਦਾ ਕੀਤੀਆਂ ਹੋਈਆ ਸਨ। ਸਬੰਧਤ ਰੂਲਾ ਵਿੱਚ ਸਪਸ਼ਟਤਾ ਨਹੀਂ ਹੈ ਕਿ ਇਸ ਕੋਟੇ ਨੂੰ ਕਿਵੇਂ ਟਰੀਟ ਕੀਤਾ ਜਾਣਾ ਹੈ, ਅਤੇ ਇਸ ਤੇ ਕਿਸ ਅਧਾਰ ਨਾਲ ਲੈਵੀਜ਼ ਆਦਿ ਲਈਆਂ ਜਾਣੀਆਂ ਹਨ। ਇਸ ਲਈ ਇਸ ਦਾ ਵਿਸਲੇਸ਼ਣ ਕਰਕੇ ਇਸ ਕੋਟੇ ਬਾਰੇ ਲਾਇਸੰਸੀ ਨੂੰ ਹੇਠ ਲਿਖੀਆਂ ਦੋ ਆਪਸ਼ਨਾਂ ਦੇ ਦਿੱਤੀਆਂ ਜਾਂਦੀਆਂ ਹਨ:

**ਆਪਸ਼ਨ** 1) ਉਹ ਕੈਰੀਵਾਰਡ ਕੀਤੇ ਜਾ ਰਹੇ ਕੋਟੇ ਨੂੰ ਅਗਲੇ ਸਾਲ ਦੇ ਕੋਟੇ ਵਿੱਚ ਹੀ ਐਡਜਸਟ ਕਰਵਾ ਲੈਣ। ਪ੍ਰੰਤੂ ਇਸ ਤੇ ਉਹਨਾਂ ਨੂੰ ਅਗਲੇ ਸਾਲ ਦੀ ਬਣਦੀ ਪੂਰੀ ਲਾਇਸੰਸ ਫੀਸ ਦੁਬਾਰਾ ਅਦਾ ਕਰਨੀ ਪਵੇਗੀ। ਜੇ ਅਗਲੇ ਸਾਲ ਵਿੱਚ ਲੈਵੀਜ ਵਿੱਚ ਕੋਈ ਵਾਧਾ ਹੋਇਆ ਹੋਵੇਗਾ ਤਾਂ ਉਸ ਨੂੰ ਉਹ ਵਾਧਾ ਵੀ ਅਦਾ ਕਰਨਾ ਪਵੇਗਾ।

**ਆਪਸ਼ਨ** 2) ਕੈਰੀਵਾਰਡ ਕੋਟੇ ਨੂੰ ਅਗਲੇ ਸਾਲ ਦੇ ਕੋਟੇ ਤੋਂ ਵਾਧੂ ਕੋਟੇ ਦੇ ਤੌਰ ਤੇ ਲੈ ਸਕੇਗਾ। ਇਸ ਕੇਸ ਵਿੱਚ ਉਸ ਨੂੰ ਨਵੇਂ ਸਾਲ ਦੀ ਲਾਇੰਸਸ ਫੀਸ ਅਤੇ ਪੁਰਾਣੇ ਸਾਲ ਦੀ ਲਾਇੰਸਸ ਫੀਸ ਦੇ ਵਾਧੇ ਦਾ ਅੰਤਰ ਅਦਾ ਕਰਨਾ ਪਵੇਗਾ। ਇਸੇ ਤਰ੍ਹਾਂ ਹੀ ਜੇ ਅਗਲੇ ਸਾਲ ਲੈਵੀਜ ਵਿੱਚ ਕੋਈ ਵਾਧਾ ਹੋਵੇਗਾ ਤਾਂ ਉਸ ਨੂੰ ਉਹ ਵਾਧਾ ਵੀ ਅਦਾ ਕਰਨਾ ਪਵੇਗਾ।

ਮੌਜੂਦਾ ਸਾਲ ਵਿੱਚ ਜੋ ਕੈਰੀਫਾਰਵਡ ਸਟਾਕ ਹੋਵੇਗਾ ਉਸ ਤੇ ਵੀ ਲਾਇਸੰਸੀ ਨੂੰ ਇਹੀ ਦੋਵੇਂ ਆਪਸ਼ਨਾਂ ਦੇ ਦਿੱਤੀਆਂ ਜਾਂਦੀਆਂ ਹਨ। ਜੇ ਕਿਸੇ ਇੱਕ ਲਾਇਸੰਸੀ ਨੂੰ ਆਪਣੀ ਪੁਰਾਣੀ ਜਗਾ ਤੇ ਕੰਮ ਨਹੀਂ ਮਿਲਦਾ ਤਾਂ ਉਹ ਉਪਰੋਕਤ ਆਪਸ਼ਨਾਂ ਵਿਚੋ ਕੋਈ ਇੱਕ ਆਪਸ਼ਨ ਦੇ ਕੇ ਨਵੀਂ ਜਗਾ ਤੇ ਉਪਰੋਕਤ ਕੋਟਾ ਲਿਜਾ ਸਕੇਗਾ। ਜੇ ਉਸ ਰਾਜ ਵਿਚ ਕਿਤੇ ਵੀ ਕੰਮ ਨਹੀਂ ਮਿਲਦਾ ਤਾਂ ਉਹ ਕੁਲੈਕਟਰ ਦੀ ਪ੍ਰਵਾਨਗੀ ਉਪਰੰਤ ਉਸੇ ਜਿਲੇ ਦੇ ਕਿਸੇ

ਵੀ ਨਵੇਂ ਲਾਇੰਸਸੀ ਨੂੰ ਉਸ ਦੀ ਸਹਿਮਤੀ ਨਾਲ ਇਹ ਕੋਟੇ ਦੇ ਸਕੇਗਾ। ਲਾਇਸੰਸੀ ਨੇ ਆਪਣੇ ਅਣ-ਵਿਕੇ/ਕੈਰੀਫਾਰਵਰਡ ਕੀਤੇ ਜਾਣ ਵਾਲੇ ਕੋਟੇ ਦੀ ਸੂਚਨਾ ਆਪਣੇ ਜਿਲ੍ਹੇ ਦੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਮਿਤੀ 31 ਮਾਰਚ 2015 ਤੱਕ ਦੇਣੀ ਹੋਵੇਗੀ।

2.49. **ਰਿਨਿਊਅਲ ਫੀਸ ਦੇਰੀ ਨਾਲ ਜਮਾ ਕਰਵਾਉਣ ਤੇ ਵਿਆਜ ਦਾ ਉਪਬੰਧ** : ਕੁਝ ਡੀ-2, ਬੀ.ਡਬਲਿਊ.ਐੱਚ.-2 ਅਤੇ ਬੀ-1 ਲਸੰਸੀ ਲਸੰਸ ਦੀ ਸਲਾਨਾ ਰਿਨਿਊਲ ਫੀਸ ਸਮੇਂ ਸਿਰ ਨਹੀਂ ਭਰਵਾਉਦੇ। ਇਸ ਲਈ ਲੇਟ ਫੀਸ ਭਰਵਾਉਣ ਤੇ 12% ਸਲਾਨਾ ਵਿਆਜ ਲਗਾਉਣ ਦਾ ਉਪਬੰਧ ਪਾਇਆ ਗਿਆ ਹੈ।

2.50. **ਫਾਰਮ ਐਲ**-37: ਜਦ ਵੀ ਕੋਈ ਡਿਸਟਿਲਰੀ ਨੇ ਸਪਿਰਟ ਜਾਂ ਸ਼ਰਾਬ ਦੀ ਐਕਸਪੋਰਟ ਕਰਦੀ ਹੈ ਤਾਂ ਉਹ ਐਲ-37 ਫਾਰਮ ਵਿੱਚ ਵਿਭਾਗ ਨੂੰ ਬਾਂਡ ਦਿੰਦੀ ਹੈ। ਹਰ ਕੰਨਸਾਈਨਮੈਂਟ ਵੇਲੇ ਇਹ ਬਾਂਡ ਦੇਣਾ ਪੈਦਾ ਹੈ, ਜਿਸ ਨਾਲ ਵਿਭਾਗ ਦਾ ਅਤੇ ਡਿਸਟਿਲਰੀਆਂ ਦਾ ਕਾਫੀ ਕੰਮ ਵੱਧ ਜਾਂਦਾ ਹੈ। ਇਸ ਲਈ ਡਿਸਟਿਲਰੀਆਂ ਤੋ ਸਾਲ ਦਾ ਬਾਂਡ ਇੱਕਠਾ ਹੀ ਲੈ ਲਿਆ ਜਾਵੇਗਾ। ਇਸ ਉਪਰੰਤ ਡਿਸਟਿਲਰੀ ਅਤੇ ਉਥੇ ਤੈਨਾਤ ਆਬਕਾਰੀ ਤੇ ਕਰ ਅਫਸਰ ਵੱਲੋਂ ਉਸ ਬਾਂਡ ਵਿੱਚੋ ਹਰ ਕੰਨਸਾਈਮੈਂਟ ਦਾ ਲੇਖਾ-ਜੋਖਾ ਰੱਖਿਆ ਜਾਵੇਗਾ। ਜਦ ਉਸ ਬਾਂਡ ਦੇ ਅਮਾਂਊਂਟ/ਕੁਆਨਟਟੀ ਖਤਮ ਹੋ ਜਾਵਗੀ ਤਾਂ ਡਿਸਟਿਲਰੀ ਇੱਕ ਨਵਾਂ ਬਾਂਡ ਦੇਵੇਗੀ। ਪ੍ਰੰਤੂ ਪਹਿਲਾਂ ਵਾਲੇ ਸਿਸਟਮ ਅਨੁਸਾਰ ਜਿਨਾਂ ਵੀ ਮਾਲ ਵਿਭਾਗ ਦੀ ਸਟੈਂਪ ਡਿਊਟੀ ਬਣਦੀ ਹੋਵੇਗੀ ਉਹ ਵੱਖਰੇ ਤੌਰ ਤੇ ਖਜਾਨੇ ਵਿੱਚ ਜਮਾਂ ਕਰਵਾਉਣੀ ਹੋਵੇਗੀ।

2.51. **ਡਿਸਟਿਲਰੀਆਂ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ ਦੇ ਕੰਮ ਤੇ ਨਿਗਰਾਨੀ**: ਨਿਯਮਾਂ ਅਨੁਸਾਰ ਡਿਸਟਿਲਰੀਆਂ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ ਨੇ ਆਪਣੀ ਬਿਲਡਿੰਗ ਵਿੱਚ ਇੱਕ ਐਕਸਾਈਜ ਇੰਨਕਲੋਜਰ ਬਣਾਉਣਾ ਹੁੰਦਾ ਹੈ। ਉਹ ਐਕਸਾਈਜ ਇੰਨਕਲੋਜਰ ਵਿਚ ਕੇਵਲ ਮੈਨੂੰਫੈਕਚਰਿੰਗ, ਸਟੋਰੇਜ ਅਤੇ ਸਪਿਰਟ/ਬਲੈਡਿੰਗ/ਬਾਟਲਿੰਗ ਜਾਰੀ ਕਰਨ ਦਾ ਹੀ ਕੰਮ ਕਰ ਸਕਦੇ ਹਨ। ਐਕਸ਼ਾਇਜ ਇੰਨਕਲੋਜਰ ਦੇ ਆਲੇ ਦੁਆਲੇ ਸਾਰੇ ਪਾਸੇ ਦੀਵਾਰ ਹੁੰਦੀ ਹੈ ਅਤੇ ਸਿਰਫ ਇੱਕ ਹੀ ਉਪਨਿੰਗ/ਦਰਵਾਜਾ ਹੁੰਦਾ ਹੈ ਤਾਂ ਜੋ ਬਾਹਰ ਦੇ ਨਾਲ ਅੰਦਰ ਦੇ ਕਾਰੋਬਾਰ ਦਾ ਕੋਈ ਤਾਲਮੇਲ ਨਾ ਹੋਵੇ । ਇਹ ਵੇਖਣ ਵਿੱਚ ਆਇਆ ਹੈ ਕਿ ਡਿਸਟਿਲਰੀਆਂ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ ਵੱਲੋਂ ਰੂਲਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ ਜੋ ਕਿ ਇੱਕ ਗੰਭੀਰ ਮਸਲਾ ਹੈ। ਇਸ ਨਾਲ ਡਿਸਟਿਲਰੀ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ ਵਿਚੋ ਅਣ ਅਧਿਕਾਰਤ ਸ਼ਰਾਬ/ਬੀਅਰ ਬਾਹਰ ਜਾਣ ਦਾ ਖਤਰਾ ਹੈ। ਡਿਸਟਿਲਰੀ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ  ਨੂੰ ਐਕਸਾਈਜ ਇੰਨਕਲੋਰਜ ਦੀ ਆਲੇ ਦੁਆਲੇ ਦੀ ਦੀਵਾਰ 8 ਫੁੱਟ ਉੱਚੀ ਕਰਵਾਕੇ ਉਸ ਦੇ ਉਪਰ ਬਾਰਬਡ ਫੈਨਸਿੰਗ ਲਗਵਾਉਣੀ

ਲਾਜਮੀ ਹੋਵੇਗੀ। ਵਿਭਾਗ ਡਿਸਟਿਲਰੀਆਂ/ਬਰੀਵਰੀਜ ਅਤੇ ਬਾਟਲਿੰਗ ਪਲਾਂਟਾਂ ਦੀ ਗਤੀਵਿਧੀਆਂ ਤੇ ਪੂਰਾ ਧਿਆਨ ਰੱਖੇਗਾ, ਜੇਕਰ ਉਹਨਾਂ ਵਲੋਂ ਆਬਕਾਰੀ ਕਾਨੂੰਨ ਅਤੇ ਰੂਲਾਂ ਦੀ ਉਲੰਘਣਾ ਕੀਤੀ ਗਈ ਤਾਂ ਲੋੜੀਂਦੀ ਪ੍ਰੀਕ੍ਰਿਆ ਪੂਰੀ ਕਰਨ ਤੋਂ ਬਾਅਦ ਡਿਸਟਿਲਰੀ/ਬਰੀਵਰੀਜ ਅਤੇ ਬਾਟਲਿੰਗ ਪਲਾਂਟ ਨੂੰ ਉਸ ਦੀ ਪਹਿਲੀ ਉਲੰਘਣਾ ਤੇ 15 ਦਿਨਾਂ ਦੇ ਸਮੇਂ ਲਈ ਦੂਜੀ ਉਲੰਘਣਾ ਤੇ 1 ਮਹੀਨੇ ਦੇ ਸਮੇਂ ਲਈ ਤੁਰੰਤ ਬੰਦ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਉਲੰਘਣਾ ਕਰਨ ਤੇ ਸਮਰੱਥ ਅਧਿਕਾਰੀ ਲੋੜੀਂਦੀ ਪ੍ਰੀਕ੍ਰਿਆ ਪੂਰੀ ਕਰਨ ਤੋਂ ਬਾਅਦ ਲਾਇਸੰਸ ਰੱਦ ਕਰ ਦੇਣਗੇ।

ਡਿਸਟਿਲਰੀਆਂ/ਬਰੀਵਰੀਆਂ ਅਤੇ ਬਾਟਲਿੰਗ ਪਲਾਂਟਾਂ ਨੂੰ ਦਿੱਤੇ ਹੋਲੋਗਰਾਮਾਂ ਦਾ ਹਰ ਤਿਮਾਹੀ ਉਪ ਆਬਕਾਰੀ ਤੇ ਕਰ ਕਮਿਸ਼ਨਰ ਦੇ ਪੱਧਰ ਦੇ ਅਧਿਕਾਰੀ ਦੀ ਨਿਗਰਾਨੀ ਵਿੱਚ ਆਡਿਟ ਕਰਵਾਇਆ ਜਾਵੇਗਾ।

2.52. **ਲੇਬਲਾਂ ਦੀ ਪ੍ਰਵਾਨਗੀ**:- ਆਬਕਾਰੀ ਪਾਲਿਸੀ ਦੇ ਤਹਿਤ ਹਰ ਸਾਲ ਸ਼ਰਾਬ ਦੇ ਲੇਬਲ ਪ੍ਰਵਾਨ ਕੀਤੇ ਜਾਂਦੇ ਹਨ। ਦੇਸੀ ਸ਼ਰਾਬ ਦੇ ਲੇਬਲਾਂ ਦੇ ਵਿੱਚ ਸਾਲ ਬਦਲਣ ਨਾਲ ਕੋਈ ਬਹੁਤਾ ਅੰਤਰ ਨਹੀਂ ਆਉਂਦਾ। ਜਿਥੇ ਕਿਤੇ ਦੇਸੀ ਸਰਾਬ ਦੇ ਲੇਬਲ ਦੇ ਪੈਟਰਨ, ਕਲਰ ਅਤੇ ਡਿਜਾਇਨ ਵਿੱਚ ਕਈ ਤਬਦੀਲੀ ਨਾ ਹੋਵੇ ਉਥੇ ਬਣਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਲੇਬਲ ਆਟੋਮੈਟੀਕਲੀ ਪ੍ਰਵਾਨ ਮੰਨਿਆ ਜਾਵੇਗਾ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇ ਆਬਕਾਰੀ ਤੇ ਕਰ ਕਮਿਸ਼ਨਰ ਕੋਈ ਜਨਰਲ ਹਦਾਇਤਾਂ ਜਾਰੀ ਕਰਦੇ ਹਨ, ਤਾਂ ਡਿਸਟਿਲਰੀ ਲੇਬਲ ਵਿੱਚ ਉਸ ਅਨੁਸਾਰ ਤਬਦੀਲੀਆਂ ਕਰਨ ਲਈ ਪਾਬੰਦ ਹੋਵੇਗੀ। ਇਹਨਾਂ ਹਦਾਇਤਾਂ ਅਨੁਸਾਰ ਤਿਆਰ ਕੀਤਾ ਨਵਾਂ ਲੇਬਲ ਉਹ ਆਬਕਾਰੀ ਤੇ ਕਰ ਕਮਿਸ਼ਨਰ ਨੂੰ ਜਾਣਕਾਰੀ ਹਿੱਤ ਮਿਤੀ 31 ਮਾਰਚ ਤੋਂ ਪਹਿਲਾਂ ਪਹਿਲਾਂ ਭੇਜਣਗੇ।

2.53. **ਪਾਪੂਲਰ ਬਰਾਂਡ ਰੱਖਣ ਸਬੰਧੀ**:- ਰੂਲਾਂ ਅਨੁਸਾਰ ਲਸੰਸੀ ਨੇ ਗ੍ਰਾਹਕਾਂ ਦੀ ਮੰਗ ਅਨੁਸਾਰ ਵਸਤੂਆਂ ਆਪਣੀ ਦੁਕਾਨ ਤੇ ਰੱਖਣੀਆਂ ਹੁੰਦੀਆਂ ਹਨ। ਸਾਰੇ ਲਸੰਸੀ ਆਪਣੇ ਵੈਂਡਜ ਤੇ ਸਾਰੇ ਪਾਪੂਲਰ ਬਰਾਂਡਸ ਰੱਖਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਪਹਿਲੀ ਵਾਰ ਕੀਤੀ ਉਲੰਘਣਾ ਤੇ 1 ਲੱਖ ਰੁਪਏ ਜੁਰਮਾਨਾ ਲਗਾਇਆ ਜਾਵੇਗਾ, ਦੂਜੀ ਵਾਰ ਉਲੰਘਣਾ ਕਰਨ ਤੇ 2 ਲੱਖ ਰੁਪਏ ਜੁਰਮਾਨਾ ਅਤੇ ਹਰ ਅਗਲੀ ਉਲੰਘਣਾ ਤੇ ਜੁਰਮਾਨੇ ਦੀ ਰਕਮ ਵਿੱਚ 1 ਲੱਖ ਰੁਪਏ ਦਾ ਵਾਧਾ ਹੁੰਦਾ ਜਾਵੇਗਾ।

**2.54.** **ਭੰਗ**:-ਪੰਜਾਬ ਰਾਜ ਵਿੱਚ ਭੰਗ ਦੇ ਥੋਕ ਦਾ ਇੱਕ ਹੀ ਠੇਕਾ ਹੈ ਜਿਸ ਨੂੰ ਹੁਸ਼ਿਆਰਪੁਰ ਵਿਖੇ ਅਲਾਟ ਕੀਤਾ ਜਾਂਦਾ ਹੈ। ਇਸ ਨੂੰ ਸਾਲ 2014-15 ਲਈ 3.10 ਲੱਖ ਰੁਪਏ ਸਾਲਾਨਾ ਫੀਸ ਤੇ ਅਲਾਟ ਕੀਤਾ ਗਿਆ ਸੀ। ਸਾਲ 2015-16 ਦੌਰਾਨ ਹੁਸ਼ਿਆਰਪੁਰ ਵਿਖੇ ਇਹ ਥੋਕ ਦਾ

ਲਾਇਸੰਸ ਅਰਜੀਆਂ ਦੇ ਆਧਾਰ ਤੇ ਲਾਟਰੀ ਸਿਸਟਮ ਰਾਂਹੀ 3.10 ਲੱਖ ਰੁਪਏ ਦੀ ਸਲਾਨਾ ਲਾਇਸੰਸ ਫੀਸ ਦੇ ਆਧਾਰ ਤੇ ਦਿੱਤਾ ਜਾਵੇਗਾ।

2.55. ਸਾਲ 2015-16 ਲਈ ਵੱਖ ਵੱਖ ਲਾਇਸੰਸਾ ਲਈ ਲਸੰਸ ਫੀਸ ਅਤੇ ਹੋਰ ਲੈਵੀਜ਼ ਦ ਰੇਟ ਹੇਠ ਲਿਖੇ ਅਨੁਸਾਰ ਹੋਣਗੇ:-

| Sr.No | Name of the Item | Rate of License Fee/Other Fees/Levies. | Rate of Security |
|---|---|---|---|
| | | 2015-2016 | 2015-16 |
| 1 | 2 | 3 | 4 |
| | | (in Rs.) | (in Rs.) |
| 1 | L-1 | 35,00,000 | 15,000 |
| 2 | L-1A | | |
| | (i) Sale upto 50000 cases | 15,00,000 | 15,000 |
| | (ii)Sale from 50001 to 75000 cases | 25,00,000 | 15,000 |
| | (iii) Sale from 75001 to 100000 cases | 30,00,000 | 15,000 |
| | (iv) Sale above 100000 cases | 1,25,00,000 | 15,000 |
| 3 | L-1A dealing exclusively BIO brands | | |
| | Sale upto 1000 cases | 4,00,000 | 15,000 |
| | Sale from 1001 to 50000 cases | 10,00,000 | 15,000 |
| 4 | L-2A (Urban & Rural) | 1000 | 0 |
| 5 | L-1B | 6,00,000 | 0 |
| 6 | L-2B | 10,00,000 | 0 |
| 7 | L-2C | L/Fee equivalent to the one unit of Ldh. Corp | 15 percent of the amount of L/fee |
| 8 | L-2D | 60,000 | 0 |
| 9 | L-3, L-4 & L-5 | | |
| | (i)For hotels having 4 or 5 star category certificate | 6,00,000 | 10,000 |
| | (ii)For hotels in Municipal Corporations | 4,00,000 | 10,000 |
| | (iii) For hotels in Municipal Committees and other areas | 3,00,000 | 10,000 |
| 10 | L-3A, L-4A & L-5A | | |
| | (i) For towns with population of one Lac or more | 2,00,000 | 0 |
| | (ii) For other towns | 1,00,000 | 0 |
| 11 | L-5B (Pub License) | | |
| | (a) Independent License | 30,000 | 10,000 |
| | (b) Supplementary License (with L-5, L-5A, L-5C and L-12C). | 30,000 | 0 |
| | (c ) For Model Shops | No fee | 0 |
| 12 | L-5C | 50000 | 0 |
| 13 | L-5D :- | | |
| | i) Marriage palaces or banquet halls charging upto Rs. 25000/- per function. | 25,000 | 0 |
| | ii) Marriage palaces or banquet halls charging between Rs. 25001/- to Rs. 50000/- per function. | 50,000 | 0 |

| | | | |
|---|---|---|---|
| | iii) Marriage palaces or banquet halls charging above Rs. 50001/- per function. | 1,00,000 | 0 |
| **14** | L-5E :- | | |
| | (i) Corporation cities and areas. | 50,000 | 0 |
| | (ii) All types of Municipal Committees and other areas | 25,000 | 0 |
| **15** | L-10C | 3,00,000 | 0 |
| **16** | L-12C | | |
| | (i) Members upto 2000 | 2,50,000 | 0 |
| | (ii) Members above 2000 | 7,50,000 | 0 |
| **17** | L-12E | 10,000 | 1,000 |
| **18** | L-13LLd L-13 | 25,000 | 1,000 |
| **19** | L-17:- | | |
| | (i)Denatured Spirit (upto 500 BL) | 5000 | 2,000 |
| | (ii)Exceeding 500 BL | 10.00 Per BL | 3,000 |
| **20** | L-50 :- | | |
| | (i) For One Year | 2000 | 0 |
| | (ii) For Life Time | 10000 | 0 |
| **21** | L-50A :- | | |
| | i) Marriage palaces or banquet halls or any other place charging upto Rs. 25000/- per function. | 2,000 | 0 |
| | ii) Marriage palaces or banquet halls or any other place charging between Rs. 25001/- to Rs. 50000/- per function | 5,000 | 0 |
| | iii) Marriage palaces or banquet halls or any other place charging above Rs. 50001/- per function. | 10,000 | 0 |
| | iv) Function at a place without any charges | 2,000 | 0 |
| **22** | L-52 (Ihatas) :- | | |
| | (i) PML | | |
| | (a) Urban | 30,000 | 0 |
| | (b) Rural | 6,000 | 0 |
| | (ii) IMFL | | |
| | (a) Corporation Area | 40,000 | 0 |
| | (b) Other Urban Area | 25,000 | 0 |
| | (c) Rural | 8,000 | 0 |
| **23** | D-2 | | |
| | (a) Grant of License to distillery | 60,00,000 | 1,00,000 |
| | (b) Grant of Supplementary License to Bonded Warehouse-2: Meant for re-distillation of spirit. | 1,00,000 | 25,000 |
| **24** | (a) Renewal fee of distillery license | 60,00,000 | 0 |
| | (b) Renewal fee of supplementary License granted to Bonded Wareouse-2 meant for re-distillation only by way of purification of spirit. | 50,000 | 0 |
| **25** | (a) Brewery: Grant of license(B1) | 60,00,000 | 50,000 |
| | (b) Brewery : Renewal Fee (B-1) | 45,00,000 | 0 |
| | (c) Micro Brewery/ Brewery Pub- Grant and renewal of License (B-1M) | 3,50,000 | 0 |
| **26** | (a) Bonded Warehouse -2 Grant of license | | |
| | i) Capacity upto 135000 PL | 9,00,000 | 25,000 |
| | ii)Capacity above 135000 PL | 15,00,000 | 25,000 |
| | (b) Bonded Warehouse-2 Renewal of license | | |
| | i) Capacity upto 135000 PL | 15,00,000 | 25,000 |

| | | | |
|---|---|---|---|
| | ii) Capacity above 135000 PL | 25,00,000 | 25,000 |
| **27** | Winery License (S-1) | | |
| **(i)** | (a) Upto 5000 bottles (650 ML) | 5,000 | 0 |
| | (b) 5001 to 10000 bottles (650 ML) | 10,000 | 0 |
| | (c)Above 10000 bottles (650 ML) | 20,000 | 0 |
| **(ii)** | Renewal fee | | |
| | (a) Upto 5000 bottles (650 ML) | 5,000 | 0 |
| | (b) 5001 to 10000 bottles (650 ML) | 10,000 | 0 |
| | (c)Above 10000 bottles (650 ML) | 20,000 | 0 |
| **28** | | | |
| | (i) Assessed fee on Light Beer | 20/- per BL | 0 |
| | (ii) Assessed fee on Strong Beer | 25/- per BL | 0 |
| | (iii)Assessed fee on canned beer | 20/- per BL | |
| | (iii) Ready to Drink Beverages | 18/- per BL | 0 |
| | (iv) Sweets & Wines upto 13.5% v/v | 4/- per BL | 0 |
| | (v) Cider | 5/- per bottle | 0 |
| **29** | Assessed fee on beer sold by Micro Brewery/ Brewery Pub L-10C license | 40/- per BL | 0 |
| **30** | Assessed fee on L-2B | | |
| | (i)Imported Foreign Liquor | 340/- per PL | 0 |
| | (ii)Imported Beer | 35/- per BL | 0 |
| | (iii)Imported Wine | 14/- per BL | 0 |
| **31** | Assessed Fee on L-3, L-4 & L-5 | | |
| | (i) Indian Made Foreign Liquor | 340/- per PL | 0 |
| | (ii) Wine | 14/- per BL | 0 |
| | (iii) Cider | 2/- per BL | 0 |
| | (iv) Beer (Light & Strong) | 30/- per BL | 0 |
| | (v) Ready to Drink Beverages. | 18/- per BL | 0 |
| | (vi) Liquor imported from abroad | 340/- per PL | 0 |
| **32** | Assessed Fee on L-3A, L-4A & L-5A | | |
| | (i) Beer (Light & Strong) | 30/- per BL | 0 |
| | (ii) Ready to Drink Beverages. | 18/- per BL | 0 |
| **33** | Assessed Fee on L-5B | | |
| | (i) Draught Beer (strong & light) | 60/- per BL | 0 |
| | (ii) Draught Beer supplied by Micro Brewery (L-10C) | 12/- per BL | |
| | (iii) Ready to Drink Beverages. | 18/- per BL | 0 |
| | (iv) Wine | 12/- per BL | 0 |
| **34** | Assessed Fee on L-1(CSD) | | |
| | (i) Rum | 115/- per PL | 0 |
| | (ii) IMFL | 340/- per PL | 0 |
| | (iii) Wine | 12/- per BL | 0 |
| | (iv) Cider | 2/- per BL | 0 |
| | (v) Beer (Light & Strong) | 72/- per BL | 0 |
| | (vi)Imported Foreign Liquor (other than Wine, Cider and Beer) | 340/- per PL | 0 |
| | (vii)Ready to Drink Beverages | 18/- per BL | 0 |
| **35** | Assessed Fee on L-1CRPF and ITBP | | |
| | (i) Rum | 115/- per PL | 0 |
| | (ii) IMFL | 340/- per PL | 0 |
| | (iii) Wine | 12/- per BL | 0 |
| | (iv) Cider | 2/- per BL | 0 |
| | (v) Beer (Light & Strong) | 72/- per BL | 0 |

| | | | |
|---|---|---|---|
| | (vi)Imported Foreign Liquor (other than Wine, Cider and Beer) | 340/- per PL | 0 |
| | (vii)Ready to Drink Beverages | 18/- per BL | 0 |
| **36** | Assessed Fee on L-12C | | |
| | (i) Indian Made Foreign Liquor | 340/- per PL | 0 |
| | (ii) Wine | 14/- per BL | 0 |
| | (iii) Cider | 2/- per BL | 0 |
| | (iv) Beer (Light & Strong) | 30/- per BL | 0 |
| | (v) Ready to drink beverages | 18/- per BL | 0 |
| | (vi) Liquor Imported from abroad | 340/- per PL | 0 |
| **37** | License Fee | | |
| | (i) PML (per PL) | 185/- | 0 |
| | (ii) IMFL and IFL (per PL) | 255/- | 0 |
| | (iii) Beer (per BL) | 20/- | |
| | (iv) Extra License Fee on IMFL and IFL (per PL) | As mentioned in excise policy | 0 |
| | (v) Addl. License Fee on PML (per PL) | 23/- | 0 |
| | (vi) Special license fee on PML | 70/- per PL | |
| | (vii) Special Assessed fee on PML 75 degree per PL | 20/- per PL | |
| **38** | PERMIT FEE | | |
| | (i) IMFL and IFL (per PL) | 2/- | 0 |
| | (ii) Beer (per BL) | 2/- | 0 |
| | (iii) Denatured Spirit (per BL) | 2/- | 0 |
| | (iv) Denatured Spirit for alcohol based industries (per BL) | 0.30/- | 0 |
| | (v) Denatured Spirit when imported from other States/Union Territory (Per BL) | 1.20/- | 0 |
| | (vi) RS/ENA per B.L. transfer from D-2 to BWH-2 for manufacture of IMFL meant for sale in Punjab | (i) 2/- per B.L. upto 500 EDP<br>(ii) 10/- per B.L. from 500 EDP to 1350 EDP<br>(iii) 20/- per BL above 1350 EDP | 0 |
| | (vii) RS/ENA per B.L. to be used within D-2 (Distillery) premises for manufacture of IMFL meant for sale in Punjab | (i) 2/- per B.L. upto 500 EDP<br>(ii) 10/- per B.L. from 500 EDP to 1350 EDP<br>(iii) 20/- per BL above 1350 EDP | |
| **39** | Petrol Ethanol Blending Cess | 2/- per litre | 0 |
| **40** | EXPORT FEE | | |
| | (i) Indian Made Foreign Liquor of any degree | 0.40 Per PL | 0 |
| | (ii) Ready to Drink beverages upto $20^0$ proof strength | 0.10 Per BL | 0 |
| | (iii) Rum $75^0$ for troops sold through Canteen Store Department | 0.10 Per BL | 0 |

| | | | |
|---|---|---|---|
| | (iv) Country Liquor of any degree | 0.40 Per PL | 0 |
| | (v) Beer | 0.10 Per BL | 0 |
| | (vi) Rectified Spirit/ENA | 0.05 Per BL | 0 |
| | (vii) Malt Spirit | 0.25 Per BL | 0 |
| | (viii)Denatured Spirit | 0.25 Per BL | 0 |
| | (ix) Industrial Alcohol | 0.25 Per BL | 0 |
| | (x) Bhang (per 10 Kilograms or less) | 50 | 0 |
| | (xi) Liquor Imported from abroad. | 0.25 Per PL | 0 |
| **41** | IMPORT FEE | | |
| | (i) Indian Made Foreign Liquor of any degree. | 25.00 Per PL | 0 |
| | (ii) Liquor Imported from abroad | 25.00 Per PL | 0 |
| | (iii) Ready to Drink beverages upto $20^0$ proof strength. | 1.00 Per BL | |
| | (iv) Potable Malt and fruit based Spirits of all types (in bulk) used for blending IMFL. | 5.00 Per BL | 0 |
| | (v) Potable Rectified Spirit/ Extra Neutral Alcohol (in bulk) | 13.00 Per BL | 0 |
| | (vi) Wine | 1.00 Per BL | 0 |
| | (vii)Beer of all types | 10.00 Per BL | 0 |
| **42** | (i) Brand Registration fee per Label for IMFL, Beer & RTD | 72,000 | 0 |
| | (ii) Brand Registration fee for wine and cider | | 0 |
| | (iii) Brand Registration fee for PML including Rum/Gin/ Whisky of any degree. | 18,000 | 0 |
| | (iv) Brand Registration fee per Label for Imported Foreign Liquor (BIO) | 36,000 | 0 |
| | (iv) For Export (for each state on IMFL/Beer/CL) | 12,000 | 0 |
| | (v) Subsequent change in all the approved label during the year except wine and cider. | 6,000 | 0 |
| | (vi) Brand Registration fee for hotels of 3-star and above category in respect of liquor imported from abroad of which brands are not already approved by the Excise Commissioner, Punjab. | 2,500 | 0 |
| **43** | Excise & Taxation Department Development Cess on IMFL & Imported Foreign Liquor (Per PL) | 2/- | 0 |
| **44** | Excise & Taxation Department Development Cess on conversion quota of PML (Per PL). | 1/- | 0 |
| **45** | (a) Grant of L.O.I. | | |
| | (i) Distillery | 225.00 lac | 0 |
| | (ii) Brewery | 225.00 lac | 0 |
| | (iii) BWH including Bottling Plant | 40.00 Lac | 0 |
| | (iv) Winery including Bottling Plant | 10,000/- | 0 |
| | (b) Renewal of L.O.I. | | |
| | (i) Distillery | 1st Renewal 50 Lac<br>2nd Renewal 75 Lac<br>3rd Renewal<br>1.00 Crore | 0 |
| | (ii) Brewery | 50.00 Lac | 0 |
| | (iii) BWH including Bottling Plant | 10.00 Lac | 0 |
| | (iv) Winery including Bottling Plant | 10,000 | 0 |

**2.56. ਸਾਲ 2015-16 ਲਈ ਲਾਇਸੰਸਿੰਗ ਯੂਨਿਟਾਂ ਦੀ ਨਵਕ੍ਰਿਤੀ ਬਾਰੇ:-** ਸਾਲ 2015-16 ਦੇ ਐਲ-2/ਐਲ-14 ਏ ਲਾਇਸੰਸੀਆਂ ਦੇ ਲਾਇਸੰਸ ਸਰਕਾਰ ਆਪਣੀ ਮਰਜੀ ਤੇ ਨਿਰਧਾਰਤ ਸ਼ਰਤਾਂ ਜੋ ਵੱਖਰੇ ਤੌਰ ਤੇ ਨੋਟੀਫਾਈ ਕੀਤੀਆਂ ਜਾਣਗੀਆਂ ਦੇ ਅਧਾਰ ਤੇ ਸਾਲ 2016-17 ਲਈ ਨਵਕ੍ਰਿਤ ਕਰ ਸਕਦੀ ਹੈ।

2.57. ਆਬਕਾਰੀ ਨੀਤੀ ਨੂੰ ਲਾਗੂ ਕਰਨ ਲਈ ਜੋ ਉਪਬੰਧ ਪੰਜਾਬ ਲਿੱਕੁਰ ਲਾਇਸੰਸ ਰੂਲਜ, 1956 ਦੇ ਰੂਲ 36 ਅਧੀਨ ਦਰਸਾਇਆ ਗਿਆ ਹੈ, ਉਹੀ ਅਪਣਾਇਆ ਜਾਵੇਗਾ।

************